# ਸੂਰਾ

ਮਾਸਕ ਪੱਤਰ


ਅੰਮ੍ਰਿਤਸਰ AMRITSAR


## ਸ੍ਰੀ ਦਮਦਮਾ ਸਾਹਿਬ, ਗੁਰੂ ਕੀ ਕਾਂਸ਼ੀ

ਜਿਥੇ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਬਾਰਾ ਲਿਖਵਾਈ ।


ਅਪ੍ਰੈਲ ੧੯੭੬

April 1976

ਜੰਗਾਂ ਜੁਧਾਂ ਤੋਂ ਪਿਛੋਂ ਦਸਮੇਸ਼ ਪਿਤਾ ਜੀ ਇਸ ਨਵੇਕਲੇ ਅਸਥਾਨ (ਸਾਬੋ ਕੀ ਤਲਵੰਡੀ) ਵਿਖੇ ਡੇਢ ਕੁ ਸਾਲ ਠਹਿਰੇ । ਇਥੇ ਲਿਖਣ-ਟਕਸਾਲ ਕਾਇਮ ਕਰ ਕੇ ਇਸ ਨੂੰ 'ਗੁਰੂ ਦੀ ਕਾਂਸ਼ੀ' ਦਾ ਵਰ ਦਿਤਾ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ. ਅਨੁਸਾਰ) 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

## ਤਤਕਰਾ


| | | |
|---|---|---|
| ਈਂ ਮਤਾਇ ਹੱਕ..... (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਗੁਰਮਤਿ ਰਮਜ਼ਾਂ (ਨੰਬਰ ੨੧ ਤੋਂ ੨੪) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਨਰਕ ਸੁਰਗ (੫) | ,, ,, | ੬ |
| ਵਾਹਿਗੁਰੂ ਦੇ ਨਾਂ ਦੀ ਪੂੰਜੀ..... (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੧੦ |
| ਅੰਮ੍ਰਿਤ ਦੀ ਦਾਤ | ਗਿ: ਗੋਪਾਲ ਸਿੰਘ ਜੀ ਮਿਤਰ | ੧੧ |
| ਖਾਲਸਾ ਪੰਥ ਦੀ ਸ ਜਨਾ | ਗਿ: ਕੁਬੇਰ ਸਿੰਘ ਜੀ | ੧੫ |
| ਦੇਹ ਅੰਮ੍ਰਿਤ ਦਾਤਾ ! ਹੇ ਅੰਮ੍ਰਿਤ-ਦਾਤਾ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੧੯ |
| ਅਨੋਖੀ ਵੈਸਾਖੀ, ਅਨੋਖੇ ਦਰਸ਼ਨ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੨੦ |
| ਸਟੇਨਲੈਸ ਸਟੀਲ ਅਤੇ ਸਰਬ-ਲੋਹ | ਸ: ਮਾਲਕ ਸਿੰਘ ਜੀ ਜੰਮੂ | ੨੧ |
| ਬਰਖ਼ੁਰਦਾਰਾਂ ਨੂੰ ਅੰਮ੍ਰਿਤ ਦੀ ਬੂੰਦ ਪਿਆ ਦੇਵੋ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੨੪ |
| ਇਹ ਬਾਣੀ ਹੈ ਅਰਸ਼ੀ ਬਾਣੀ (ਕਵਿਤਾ) | ਭਾਈ ਭਜਨ ਸਿੰਘ ਜੀ ਭਿੰਡਰ | ੨੪ |
| ਇਕ ਗੁਰਸਿਖ ਮਾਈ | ਸ: ਵਰਿਆਮ ਸਿੰਘ ਜੀ, ਦਿਲੀ | ੨੫ |
| ਧਾਰਮਿਕ ਫਿਲਮਾਂ ਤੇ ਨਾਟਕ | ਭਾਈ ਰਾਮ ਚੰਦ ਜੀ ਭਟਿਆਣੀ | ੨੮ |
| ਖਾਣਾ ਪੀਣਾ ਪਵਿਤ੍ਰ ਹੈ --ਝਟਕਾ ਜਾਂ ਅਨਾਜ ? | 'ਸੂਰਾ' ਪਰਵਾਰ | ੩੦ |
| ਸੁਆਦਤਿ ਜੀਅ ਸੰਘਾਰੇ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੩੫ |
| ਸ੍ਰੀ ਗੁਰੂ ਹਰਿ ਰਾਇ ਜੀ | ਸ: ਅਮਰਜੀਤ ਸਿੰਘ ਜੀ, ਸ਼ਾਹਬਾਦ | ੩੬ |
| ਪੂਰਬ ਕਰਮ ਅੰਕੁਰ ਜਬ ਪ੍ਰਗਟੇ | ਡਾਕਟਰ ਗੁਰਬਚਨ ਸਿੰਘ ਜੀ | ੩੮ |
| ਵੀਰ ਖਾਲਸਾ ਉਠ ਪਹਿਚਾਨ ਮੌਕਾ (ਕਵਿਤਾ) | ਸ: ਮਹਿੰਦਰ ਸਿੰਘ ਜੀ | ੩੯ |
| ਖਾਲਸਾ ਪੰਥ ਨੂੰ ਚੈਲੰਜ | ਪ੍ਰਿੰ: ਅਵਤਾਰ ਸਿੰਘ ਐਮ. ਏ., ਸ਼ਾਹਬਾਦ | ੪੦ |


## ਅਪ੍ਰੈਲ ਮਹੀਨੇ ਵਿਚ ਗੁਰਪੁਰਬ

| | | | |
|---|---|---|---|
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੪ ਅਪ੍ਰੈਲ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤ | ੫ ਅਪ੍ਰੈਲ |
| ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤਿ | ੧੨ ਅਪ੍ਰੈਲ | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਿਆਈ | ੧੩ ਅਪ੍ਰੈਲ |
| ਵੈਸਾਖੀ ਤੇ ਖ਼ਾਲਸੇ ਦਾ ਜਨਮ ਦਿਨ | ੧੩ ਅਪ੍ਰੈਲ | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ | ੧੮ ਅਪ੍ਰੈਲ |
| ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੦ ਅਪ੍ਰੈਲ | ਸ੍ਰੀ ਗੁਰੂ ਅੰਗਦ ਸਾਹਿਬ ਅਵਤਾਰ | ੩੦ ਅਪ੍ਰੈਲ |


**ਗੁਰਮਤਿ ਤੇ ਗੁਰਸਿਖੀ ਨੂੰ ਉਜਾਗਰ ਕਰਨ ਵਾਲੇ ਟ੍ਰੈਕਟ**—ਭਾਈ ਸਾਹਿਬ ਰਣਧੀਰ ਸਿੰਘ ਲਿਖਤ ਪੁਸਤਕਾਂ ਵਿਚੋਂ ਦਿਲਖਿਚਵਾਂਆਂ ਘਟਨਾਵਾਂ ਦੇ ਦੋ ਟ੍ਰੈਕਟ—"**ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ**" ਅਤੇ "**ਗੁਰਬਾਣੀ ਦੀ ਪਾਰਸ-ਕਲਾ**" ਛਪ ਚੁਕੇ ਹਨ, ਜੋ ਪਰਚਾਰ ਹਿਤ ਵੰਡਣ ਲਈ ਕੇਵਲ ਪੈਂਤੀ ਪੈਸੇ ਦੇ ਹਿਸਾਬ ਦਿਤੇ ਜਾ ਰਹੇ ਹਨ । "**ਸਿੰਘਾਂ ਦਾ ਪੰਥ ਨਿਰਾਲਾ**" ਟ੍ਰੈਕਟ ਇਸੇ ਲੜੀ ਵਿਚ ਵੈਸਾਖੀ ਤਕ ਛਪ ਜਾਏਗਾ । ਡਾਕ ਵਿਚ ਇਕ ਦੋ ਭੇਜਣੇ ਮਹਿੰਗੇ ਪੈਂਦੇ ਹਨ । ਵੀਹ ਟ੍ਰੈਕਟਾਂ ਦਾ ਤਿੰਨ ਰੁਪਏ ਡਾਕ ਖ਼ਰਚ ਵਖਰਾ ਹੋਵੇਗਾ ।

ਮੰਗਾਣ ਦਾ ਪਤਾ - **ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**



ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਂਕ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੪.੭੬ ਨੂੰ ਪ੍ਰਕਾਸ਼ਤ ਕੀਤਾ । ਟੈਲੀਫ਼ੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮-੦੦
ਪਰਦੇਸ ੧੮-੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦-੭੫



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਅਪ੍ਰੈਲ ੧੯੭੬ ਅੰਕ ੪


## ਈਂ ਮਤਾਇ ਹੱਕ, ਬ-ਪੇਸ਼ਿ ਸਾਹਿਬਾਨਿ ਦਿਲ ਬ-ਵਦ

ਦਰਮਿਆਨਿ ਬਜ਼ਮਿ ਮਾ, ਜੁਜ਼ ਕਿੱਸਾ-ਇ ਜਨਾਨਾ ਨੇਸਤ ।
ਬੇ ਹਜਾਬ ਆਂ ਅੰਦਰੀਂ ਮਜਲਸ ਕਸੇ ਬੇਗਾਨਾ ਨੇਸਤ ॥੧॥
ਬਿ-ਗੁਜ਼ਰ ਅਜ਼ ਬੇਗਾਨਗੀ, ਵ ਸ਼ੌ ਬ-ਖ਼ੁਦ ਤੋ ਆਸ਼ਨਾ ।
ਹਰ ਕਿ ਬਾ-ਖ਼ੁਦ ਆਸ਼ਨਾ ਸ਼ੁਦ, ਅਜ਼ ਖ਼ੁਦਾ ਬੇਗਾਨਾ ਨੇਸ਼ਤ ॥੨॥
ਸ਼ੌਕਿ ਮੌਲਾ ਹਰ ਕਿ ਰਾ ਬਾਸ਼ਦ, ਹਮਾਂ ਸਾਹਿਬ ਦਿਲ ਅਸਤ ।
ਕਾਰ ਹਰ ਦਾਨਾ ਨ ਬਾਸ਼ਦ, ਕਾਰ ਹਰ ਦੀਵਾਨਾ ਨੇਸਤ ॥੩॥
ਨਾਸਿਹਾ ਤ ਚੰਦ ਗੋਈ, ਕਿੱਸਾ-ਹਾਏ ਵਾਅਜ਼ੋ ਪੰਦ ।
ਬਜ਼ਮਿ ਮਸਤਾਂ ਹਸਤ ਜਾਏ, ਕਿੱਸਾ-ਓ ਅਫ਼ਸਾਨਾ ਨੇਸਤ ॥੪॥
ਈਂ ਮਤਾਇ ਹੱਕ, ਬ-ਪੇਸ਼ਿ ਸਾਹਿਬਾਨਿ ਦਿਲ ਬ-ਵਦ ।
ਚੂੰ ਬ ਸਹਿਰਾ ਮੇ-ਰਵੀ, ਦਰ ਗੋਸ਼ਾ-ਇ ਵੀਰਾਨਾ ਨੇਸਤ ॥੫॥
ਈਂ ਮਤਾਇ ਸ਼ੌਕ ਰਾ, ਅਜ਼ ਆਸ਼ਕਾਨਿ ਹੱਕ ਬਖ਼ਾਹ ।
ਜ਼ਾਂਕਿ ਦਰ ਜਾਨਸ਼, ਬ-ਜੁਜ਼ ਨਕਸ਼ਿ ਰੁਖ਼ ਜਾਨਾਨਾ ਨੇਸਤ ॥੬॥
ਚੰਦ ਮੇ ਗੋਈ ਤੁ ਐ ਗੋਇਆ, ਖ਼ਮੁਸ਼ ਸ਼ੌ ਜ਼ੀਂ ਸੁਖ਼ਨ ।
ਸ਼ੌਕਿ ਮੌਲਾ ਮੁਨਹਸਰ, ਬਰ ਕਾਅਬਾ-ਓ ਬੁਤ-ਖ਼ਾਨਾ ਨੇਸਤ ॥੭॥

ਪੰਜਾਬੀ ਉਲਥਾ ਵੇਖੋ ਸਫ਼ਾ ੧੦ ਤੇ] [ਭਾਈ ਨੰਦ ਲਾਲ ਜੀ, ਗ਼ਜ਼ਲ ੧੦


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ।


www.AKJ.Org

# ਗੁਰਮਤਿ-ਰਮਜ਼ਾਂ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

**(੨੧) ਗੁਰ ਸ਼ਬਦ ਅੰਮ੍ਰਿਤ-ਰੂਪ, ਸਗਲ ਫਲ ਦਾਤਾ** :—ਗੁਰ ਪ੍ਰਮਾਣ ਦਸਦਾ ਹੈ ਕਿ ਗੁਰ-ਮੰਤਰ ਗੁਰਮਤਿ ਨਾਮ ਦੇ ਰਸਨਾ ਕਰਿ, ਦਿਨ ਰਾਤ ਜਪੀ ਜਾਣ ਨਾਲ ਸਰਬ ਮਨੋਰਥਾਂ ਦੀ ਸਿਧੀ ਹੁੰਦੀ ਹੈ। ਯਥਾ ਗੁਰ ਵਾਕ :

ਅਨਦਿਨੁ ਜਪਉ ਗੁਰੂ ਗੁਰ ਨਾਮ ॥ ਤਾ ਤੇ ਸਿਧਿ ਭਏ ਸਗਲ ਕਾਂਮ ॥੨॥ ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥ [ਗਉੜੀ ਮ: ੫, ੧੯੦

ਇਸ ਗੁਰਵਾਕ ਤੋਂ ਸਪੱਸ਼ਟ ਸਿਧ ਹੈ ਕਿ ਸਚੇ ਦਰਬਾਰ ਗੁਰਪੁਰੀ ਵਿਚ ਜਾ ਕੇ ਮੁਖ ਊਜਲ ਹੋਣ ਦਾ ਸਾਧਨ ਕੇਵਲ ਨਾਮ ਜਪਣ ਨਾਲ ਹੀ ਹੁੰਦਾ ਹੈ, ਹੋਰ ਕਰਮਾਂ ਦੀ ਲੋੜ ਨਹੀਂ। ਕੇਵਲ ਸੁਆਸਿ ਸੁਆਸਿ ਗੁਰਮੰਤਰ ਜਪਣ ਰੂਪੀ ਕਰਮ ਹੀ ਬਸ ਹੈ।

ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ [ਆਸਾ ਮ: ੫, ੩੭੮

ਕੇਵਲ ਨਾਮ-ਭਜਨ ਰੂਪੀ ਕਰਮ ਹੀ ਇਸ ਮਨੁੱਖਾ ਦੇਹੀ ਵਿਚ ਜਨਮ ਲੈਣ ਦਾ ਪਰਮ ਮਨੋਰਥ ਹੈ। ਤਥਾ—

ਸਾਧ ਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ [ਗਉ: ਗੁ: ਮ: ੫, ਪੰਨਾ ੧੭੬

ਇਸ ਗੁਰਪ੍ਰਮਾਣ ਵਿਖੇ "ਭਜੁ ਹਰਿ ਹਰਿ ਗੁਰਮਤਿ", ਤੇ ਕੇਵਲ ਗੁਰਮੰਤਰ, ਗੁਰਮਤਿ ਨਾਮ, ਜਪਣ ਦਾ ਹੀ ਮੁਖ ਸਿਧਾਂਤ ਹੈ :

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ॥੧॥ਰਹਾਉ ॥ ਗਿਆਨੁ ਧਿਆਨੁ ਗੁਰਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥ ॥੨॥ [ਗਉੜੀ ਗੁ: ਮ: ੩, ਪੰਨਾ ੧੬੨

ਇਸ ਗੁਰਪ੍ਰਮਾਣ ਤੋਂ ਗੁਰਮਤਿ ਦੇ ਕਈ ਗੂੜ੍ਹ ਸਿਧਾਂਤ ਨਿਕਲਦੇ ਹਨ—

(੧) ਮਾਨਸ ਜਨਮ ਦਾ ਸਚਾ ਲਾਹਾ ਗੁਰਮਤਿ ਨਾਮ ਦੀ ਪ੍ਰਾਪਤੀ ਤੇ ਸਿਮਰਨ ਹੈ।

(੨) ਕਰਨ ਯੋਗ ਸਭ ਤੋਂ ਉੱਤਮ ਕਰਮ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਹੈ।

(੩) ਗੁਰਸ਼ਬਦ ਹੀ ਸਚਾ ਗਿਆਨ ਹੈ। ਗੁਰ ਸ਼ਬਦ ਹੀ ਸਚਾ ਧਿਆਨ ਹੈ। ਅਰਥਾਤ ਧਿਆਨਣ ਯੋਗ ਸਚਾ ਧਿਆਨੁ ਗੁਰਸਬਦੁ, ਅਰਥਾਤ ਗੁਰਮਤਿ ਨਾਮ ਗੁਰਮੰਤਰ ਦਾ ਹੀ ਅਭਿਆਸ ਹੈ। ਅਤੇ ਗਿਆਨ ਕਮਾਵਨ ਯੋਗ ਸਚਾ ਗਿਆਨ ਭੀ ਗੁਰਸ਼ਬਦ (ਗੁਰਮੰਤਰ) ਦੀ ਕਮਾਈ, ਅਭਿਆਸ ਕਮਾਈ ਹੈ।

(੪) ਏਹੁ ਗੁਰਸਬਦੁ, ਅਰਥਾਤ ਗੁਰਮਤਿ ਨਾਮ ਮੀਠਾ ਹੈ। ਅੰਮ੍ਰਿਤ ਰੂਪ ਹੈ, ਹਾਂ, ਹਾਂ, ਅੰਮ੍ਰਿਤ ਰੂਪ ਹੈ।

(੫) ਪਰ ਅੰਮ੍ਰਿਤ ਤੁਲ ਮੀਠਾ ਕਿਨ੍ਹਾਂ ਨੂੰ ਲਗਾ ਹੈ ? ਜਿਨ੍ਹਾਂ ਨੂੰ ਗੁਰੂ ਦੇ ਪ੍ਰਸਾਦ ਦੁਆਰਾ, ਗੁਰੂ ਦੁਆਰਾ ਪ੍ਰਾਪਤ ਹੋਇਆ ਹੈ, ਤਿਨ੍ਹਾਂ ਨੇ ਪਰਤੱਖ ਚਖ ਕੇ ਡਿੱਠਾ ਹੈ ਕਿ ਸਚਮੁਚ ਮੀਠਾ ਹੈ।

**(੨੨) ਸਤਿਗੁਰੂ ਬਿਨਾਂ ਨਾਮ ਦੀ ਅਨੁਭਵੀ ਪ੍ਰਤੀਤ ਨਹੀਂ ਆਉਂਦੀ** :—

ਮਨ ਰੇ ਗੁਰਮੁਖਿ ਨਾਮੁ ਧਿਆਇ ॥ ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਤਮਤਿ ਨਾਮਿ ਸਮਾਇ ॥ ॥੧॥ ਰਹਾਉ ॥ ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥ ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥ ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥ ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥ ਗੁਰ ਸਬਦੁ ਦ੍ਰਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥......ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ



www.AKJ.Org

ਸਬਦੁ ਕਮਾਇ ॥੬॥

[ਅਸਟ: ਮ: ੩, ਸਿਰੀ ਰਾਗ, ਪੰ: ੬੫

ਇਸ ਗੁਰ ਪ੍ਰਮਾਣ ਦੀ ਗੁਰਮਤਿ ਵਿਆਖਿਆ ਦੇ ਗੁਰਮਤਿ ਸਿਧਾਂਤ ਇਹ ਹਨ :

(੧) ਗੁਰਮੁਖਿ ਨਾਮੁ ਧਿਆਵਣ ਲਈ ਖ਼ਾਸ ਹਦਾਇਤ।

(੨) ਗੁਰਮਤਿ ਦੁਆਰਾ ਹੀ ਨਾਮ ਵਿਚ ਸਮਾਈ ਹੁੰਦੀ ਹੈ, ਅਰਥਾਤ ਨਾਮ ਵਿਖੇ ਲਿਵ ਲਗਦੀ ਹੈ।

(੩) ਸਤਿਗੁਰੂ ਬਿਨਾਂ ਨਾਮ ਦੀ ਪਰਤੀਤ ਸਰਧਾ ਨਹੀਂ ਆਉਂਦੀ, ਅਰਥਾਤ ਸਤਿਗੁਰੂ ਦੇ ਦ੍ਰਿੜ੍ਹਾਇ ਬਿਹੂਣ ਨਾਮ ਦ੍ਰਿੜ੍ਹ ਨਹੀਂ ਹੁੰਦਾ।

(੪) ਨਾਮ ਨਾਲ ਪ੍ਰੇਮ ਭਾਵਨੀ ਨਹੀਂ ਲਗਦੀ, ਅਰਥਾਤ ਸਤਿਗੁਰੂ ਦੁਆਰਾ ਨਾਮ ਦ੍ਰਿੜ੍ਹ ਹੋਏ ਬਾਝੋਂ ਪ੍ਰੇਮ ਭਾਵਨੀ ਸਹਿਤ ਨਾਮ ਜਪ ਨਹੀਂ ਹੁੰਦਾ।

(੫) ਨਿਗੁਰਿਆਂ, ਨਾਮ ਬਿਹੂਣੀਆਂ ਨੂੰ ਸੁਪਨੇ ਵਿਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਦੁਖ ਮਹਿ ਸਵੈ ਸਮਾਇ ਰਹਿੰਦੇ ਹਨ।

(੬) ਆਪਣਾ ਲਾਇਆ ਨਾਮ ਜਪਣ ਦਾ ਪ੍ਰੇਮ ਨਹੀਂ ਲਗਦਾ :

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥ ਇਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥

[ਮ: ੩ ਸਲੋਕ ਸੇਖ ਫਰੀਦ ਕੇ, ੧੩੭੮

(੭) ਪਰ ਜਿਨ੍ਹਾਂ ਭਗਤਾਂ, ਗੁਰਮੁਖ-ਜਨਾਂ ਨੇ ਹਰਿ ਕੇ ਭਾਣੇ (ਹੁਕਮ ਰਜ਼ਾ) ਨੂੰ ਮੰਨਿਆ ਹੈ ਸੇਈ ਭਗਤ ਹੀ ਸਚੀ ਦਰਗਾਹੇ ਜਾ ਕੇ ਥਾਇ ਪਏ ਹਨ। ਅਤੇ ਹਰਿ ਕਾ ਭਾਣਾ ਹੁਕਮ ਰਜ਼ਾ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ" ਆਦਿਕ ਗੁਰਵਾਕ ਦੇ ਭਾਵ ਅਨੁਸਾਰ ਕੇਵਲ ਸਿਫ਼ਤ-ਸਲਾਹ, ਅਰਥਾਤ ਨਾਮ ਸਿਮਰਨ ਹੀ ਹੈ।

(੮) ਗੁਰੂ ਹੀ ਰੰਗ ਚਲੂਲੇ ਵਿਚ ਰਖਣ ਵਾਲਾ ਸ਼ਬਦ ਅਰਥਾਤ ਗੁਰਮੰਤਰ ਦ੍ਰਿੜ੍ਹਾਉਂਦਾ ਹੈ। ਅਤੇ ਇਹ ਗੁਰਮੰਤਰ ਰੂਪੀ ਗੁਰਸ਼ਬਦ ਸਤਿਗੁਰੂ ਦੀ ਕਿਰਪਾ ਬਿਹੂਣ ਨਹੀਂ ਲਿਆ ਜਾਂਦਾ।

(੯) ਭਾਵੇਂ ਗੁਰੂ-ਕਿਰਪਾ ਕਰਿ ਹੀ ਨਾਮ ਪ੍ਰਾਪਤ ਤੇ ਦ੍ਰਿੜ੍ਹ ਹੁੰਦਾ ਹੈ, ਪਰ ਗੁਰਸ਼ਬਦ ਗੁਰਮੰਤਰ ਦੀ ਕਮਾਈ ਅਤਿਅੰਤ ਲਾਜ਼ਮੀ ਗੱਲ ਹੈ। ਪੁਨਾ :

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ॥......ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥ ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਬਾਦੁ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥ ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥ ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ॥ ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥......ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ॥......॥੮॥੧੩॥

[ਅਸਟ: ਮ: ੧, ਸਿਰੀ ਰਾਗ, ਪੰ: ੬੧

ਤਾਂ ਤੇ ਗੁਰਮਤਿ ਨਾਮ ਦੁਆਰਾ ਹੀ ਛੁਟਕਾਰਾ ਹੈ ਅਤੇ ਗੁਰਮਤਿ ਨਾਮ ਦੁਆਰਾ ਹੀ ਸਚਾ ਸਾਹਿਬ (ਨਾਮੀ) ਮਨ ਵਿਚ ਵਸਦਾ ਹੈ ਅਤੇ ਗੁਰਮਤਿ ਦੁਆਰਾ ਨਾਮ ਰੂਪੀ ਪਤਿ ਸਾਖ ਪ੍ਰਾਪਤ ਹੁੰਦੀ ਹੈ—

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥੪॥੨੧॥...

[ਸਿਰੀ ਰਾਗ ਮਹਲਾ ੧, ਪੰਨਾ ੨੨

ਦੇਵਣਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥੧੭॥੫੦॥...... [ਪੰਨਾ ੩੩

ਮਨ ਮੇਰੇ ਨਾਮਿ ਰਤੇ ਸੁਖੁ ਹੋਇ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ॥ ੩੦॥੬੩॥...... [ਪੰਨਾ ੩੮

ਪੂਰੈ ਸਬਦਿ ਸਾਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥ [ਸਿਰੀ ਰਾਗ ਮ: ੩, ਪੰ: ੬੮

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ ਗੁਰੁ ਪ੍ਰਸਾਦੁ ਕਰੇ ਨਾਮੁ ਦੇਵੈ, ਨਾਮੇ ਨਾਮਿ ਸਮਾਵਣਿਆ॥ ੨॥੧॥੩੪॥ [ਮਾਝ ਮਹਲਾ ੪ ਅਸ:,ਪੰਨਾ ੧੩੦

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ



www.AKJ.Org

ਜਾਣੀ ॥ ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ॥੫॥੧॥੨੩॥

[ਆਸਾ ਮਹਲਾ ੩, ਅਸ:, ਪੰਨਾ ੪੨੩

ਹਰਿ ਹਰਿ ਨਾਮੁ ਧਨੁ ਪਾਇਆ ਜਨ ਨਾਨਕੁ ਗੁਰਮਤਿ ਭਾਖੁ ॥੩॥੪॥੬॥

[ਮਾਰੂ ਮਹਲਾ ੪, ਪੰ: ੯੯੭

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥ ਦੀਨ ਦਇਆਲ ਭਏ ਕਿਰਪਾਲਾ, ਅਪਣਾ ਨਾਮੁ ਆਪਿ ਜਪਾਇਆ ॥੧॥ਰਹਾਉ॥

[ਪ੍ਰਭਾਤੀ ਮਹਲਾ ੫, ਪੰ: ੧੩੩੧

ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰਮੰਤ ॥ ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥

[ਸਲੋਕ ਮ: ੪, ਵਾਰ ਕਾਨੜਾ, ੧੩੧੫

**(੨੩) ਗੁਰਮੰਤਰ ਜਾਪ ਦੀ ਪਾਰਸ ਕਮਾਈ ਦਾ ਪਰਤਾਪ :—**

ਗੁਰਮੰਤਰ ਜਾਪ ਦੀ ਪਾਰਸ ਕਮਾਈ ਦਾ ਪਰਤਾਪ ਇਹ ਹੋਇਆ ਕਿ ਅਗਮ ਅਗੋਚਰ ਅਲਖ ਨਿਰੰਜਨ ਸਹਿਜੇ ਹੀ ਲਖਿਆ ਗਇਆ ਅਤੇ ਅਚਿੰਤੇ ਹੀ ਆਇ ਮਿਲਿਆ :

ਰਾਮ ਨਾਮੁ ਨਿਧਾਨੁ ਹਰਿ, ਗੁਰਮਤਿ ਰਖੁ ਉਰਧਾਰਿ ॥ ਦਾਸਨ ਦਾਸਾ ਹੋਇ ਰਹੁ, ਹਉਮੈ ਬਿਖਿਆ ਮਾਰਿ ॥ ਜਨਮੁ ਪਦਾਰਥੁ ਜੀਤਿਆ, ਕਦੇ ਨ ਆਵੈ ਹਾਰਿ ॥ ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥ ਗੋਵਿੰਦੁ ਗੋਵਿਦੁ ਗੋਵਿਦੁ, ਹਰਿ ਗੋਵਿਦੁ ਗੁਣੀ ਨਿਧਾਨੁ ॥ ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥ ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ ॥ ਨਾਨਕ ਗੁਰੁ ਗੋਵਿੰਦੁ ਹਰਿ, ਜਿਤੁ ਮਿਲਿ ਹਰਿ ਪਾਇਆ ਨਾਮੁ ॥੧॥

[ਸਲੋਕ ਮ: ੪, ਵਾਰ ਕਾਨੜਾ, ੧੩੧੧

ਮਨ ਮੇਰੇ ਗੁਰੁ ਪੂਰਾ ਸਾਲਾਹਿ ॥ ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ-ਚਿੰਦੇ ਫਲ ਪਾਇ ॥ [ਮਲਾਰ ਮ: ੫, ਪੰ: ੧੨੭੧

ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥ ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥ [ਮੰਲਾਰ ਮ: ੫, ਪੰ: ੧੨੭੦

ਮਨ ਮੇਰੇ ਨਾਮਿ ਰਹਉ ਲਿਵ ਲਾਈ ॥ ਅਦਿਸਟੁ ਅਗੋਚਰੁ ਅਪਰੰਪਰੁ ਕਰਤਾ, ਗੁਰ ਕੈ ਸਬਦਿ ਹਰਿ ਧਿਆਈ ॥

[ਮਲਾਰ ਮਹਲਾ ੩, ਪੰ: ੧੨੬੦

ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥

[ਪਉੜੀ ੪, ਵਾਰ ਸਾਰੰਗ, ੧੨੩੯

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ ਬਿਨੁ ਸਤਿਗੁਰ ਕੋ ਸੀਝੈ ਨਾਹੀ, ਗੁਰ ਚਰਣੀ ਚਿਤੁ ਲਾਈ ਹੇ॥੭॥੧॥ [ਮਾਰੂ ਸੋਲਹੇ ਮ: ੪,ਪੰ:੧੦੬੯

ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥ ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ, ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ, ਬਾਹਰਿ ਕਾਹੇ ਜਾਹਾ ਹੇ॥੬॥ ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥ ਅੰਮ੍ਰਿਤੁ ਪੀ ਅਮਰਾਪਦੁ ਹੋਏ, ਗੁਰ ਕੈ ਸਬਦਿ ਰਸ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ, ਮਾਇਆ ਮੋਹੁ ਚੁਕਾਹਾ ਹੇ ॥੮॥ ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥ ਆਪੇ ਕ੍ਰਿਪਾ ਕਰੇ ਸੁਖਦਾਤਾ, ਗੁਰ ਕੈ ਸਬਦੇ ਸੋਹਾ ਹੇ ॥੯॥ ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥ ਹਰਿ ਹਰਿ ਸਚਾ ਵਸੈ ਘਟ ਅੰਤਰਿ, ਸੋ ਘਟੁ ਨਿਰਮਲੁ ਤਾਹਾ ਹੇ ॥ ੧੦॥੪॥੧੩॥ [ਮਾਰੂ ਸੋਲਹੇ ੩, ਪੰ: ੧੦੫੬



www.AKJ.Org

ਗੁਰ ਕਾ ਸਬਦੁ ਜਪਿ ਮਨ ਸੁਖਾ ॥ ਈਹਾ ਊਹਾ ਤੇਰੋ ਊਜਲ ਮੁਖਾ ॥੨॥੧੧॥੨੨॥

[ਰਾਮਕਲੀ ਮ: ੫

ਆਨੰਦ ਕਰਿ ਸੰਤ ਹਰਿ ਜਪਿ ॥ ਛਾਡਿ ਸਿਆਨਪ ਬਹੁ ਚਤੁਰਾਈ, ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥੨੯॥੪੦॥

[ਰਾਮਕਲੀ ਮਹਲਾ ੫, ਪੰ: ੮੯੫

ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥ ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥

[ਰਾਮਕਲੀ ਮ: ੧, ਅਸ:, ਪੰ: ੯੦੬

ਸਬਦਿ ਗੁਰੂ ਭਵ ਸਾਗਰੁ ਤਰੀਐ, ਇਤ ਉਤ ਏਕੋ ਜਾਣੈ ॥ ਚਿਹਨੁ ਵਰਨੁ ਨਹੀ ਛਾਇਆ ਮਾਇਆ, ਨਾਨਕ ਸਬਦੁ ਪਛਾਣੈ ॥

[ਸਿਧ ਗੋਸਟਿ, ੯੪੪

ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ॥

[ਪਉੜੀ ੩, 'ਵਾਰ ਰਾਮਕਲੀ',੯੫੮

ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥...ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥

[ਗੋਂਡ ਮਹਲਾ ੫, ਪੰ: ੮੬੪

ਗੁਰ ਕੋ ਸਬਦੁ ਮੇਰੈ ਹੀਅਰੇ ਬਾਸੈ, ਹਰਿ ਨਾਮਾ ਮਨ ਸੰਗਿ ਧਰਹੁ ॥ ਤਸਕਰ ਪੰਚ ਨਿਵਾਰਹੁ ਠਾਕੁਰ, ਸਗਲੋ ਭਰਮਾ ਹੋਮਿ ਜਰਹੁ ॥੧॥੩॥੧੧੯॥

[ਬਿਲਾਵਲੁ ਮ: ੫, ਪੰ: ੮੨੮

ਗੁਰਿ ਪੂਰੈ ਮੇਰੀ ਰਾਖਿ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ, ਜਨਮ ਜਨਮ ਕੀ ਮੈਲੁ ਗਈ ॥੧॥ਰਹਾਉ॥ ਨਿਵਰੇ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ ॥ ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪ੍ਰਤਾਪੁ ॥੧॥੧੨॥੯੮॥

[ਬਿਲਾਵਲੁ ਮ: ੫, ਪੰ: ੮੨੩

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ, ਗੁਰ ਕਾ ਜਪੁ ਜਪਨਾ ॥੧॥੧੩॥੪੩॥ (੮੧੧)

ਗੁਰੁ ਪੂਰਾ ਹਰਿ ਜਾਪੀਐ, ਨਿਤ ਕੀਚੈ ਭੋਗੁ ॥ ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥੧॥੩੪॥੬੪॥ [ਬਿਲਾਵਲੁ ਮ: ੫, ਪੰ: ੮੧੭

ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ, ਸਭਿ ਰੋਗ ਗਵਾਇਆ ਰਾਮ ॥ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥

।[ਵਡਹੰਸ ਮਹਲਾ ੪, ਪੰ: ੫੭੪

## (੨੪) ਗੁਰਮਤਿ ਨਾਮ ਹੀ ਸਤਿਨਾਮ ਹੈ :—

ਗੁਰਬਾਣੀ ਵਿਚ "ਵਾਹ ਵਾਹ" ਤੇ "ਗੁਰੂ ਗੁਰੂ" ਗੁਰਮਤਿ ਨਾਮ ਦੇ ਸੰਕੇਤ ਹਨ :

ਵਾਹੁ ਵਾਹੁ ਆਪਿ ਅਖਾਇਦਾ, ਗੁਰ ਸਬਦੀ ਸਚੁ ਸੋਇ ॥ ਵਾਹੁ ਵਾਹੁ ਸਿਫਤਿ ਸਲਾਹ ਹੈ, ਗੁਰਮੁਖਿ ਬੂਝੈ ਕੋਇ ॥ ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ ॥ ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ, ਕਰਮਿ ਪਰਾਪਤਿ ਹੋਇ ॥੧॥

[ਗੂਜਰੀ ਕੀ ਵਾਰ, ਸਲੋਕ ਮ: ੩, ੫੧੪

ਇਸ ਗੁਰ-ਪ੍ਰਮਾਣ ਤੋਂ ਇਹ ਗੱਲ ਮੂਲੋਂ ਹੀ ਨਿਖਰ ਗਈ ਕਿ ਗੁਰਮਤਿ ਨਾਮ ਹੀ ਸਤਿ ਨਾਮ ਹੈ। ਇਹ ਸੰਕੇਤਕ ਨਾਮ, ਅਰਥਾਤ ਮਨ-ਘੜਤ ਸੰਗਿਆ ਨਹੀਂ, ਬਲਕਿ "ਵਾਹੁ ਵਾਹੁ ਆਪਿ ਅਖਾਇਦਾ" ਦੇ ਗੁਰਵਾਕ ਭਾਵ ਅਨੁਸਾਰ ਅਕਾਲ ਪੁਰਖ ਆਪ ਹੀ ਆਪਣਾ ਨਾਮ ਆਪ ਜਪਾਉਂਦਾ ਹੈ। ਗੁਰਸ਼ਬਦ ਦੇ ਆਕਾਰ ਵਿਚ ਆਪਣਾ ਸਚੁ ਨਿਰੰਕਾਰੀ ਸਰੂਪ ਆਸ਼ਕਾਰ ਕਰ ਕੇ ਏਥੇ ਰਮਜ਼ ਮਾਤਰ ਜਪਣ ਜੋਗ ਸਿਫਤ ਸਾਲਾਹੀ ਨਾਮ, ਅਰਥਾਤ ਗੁਰਮਤਿ ਨਾਮ ਗੁਰਮੰਤਰ ਨੂੰ ਆਪਣੀ ਸਤਿ ਚਾਰ-ਅੱਖਰੀ ਗੁਰਮਤਿ ਬਣਤਰ ਵਾਲੇ ਸਤਿ-ਨਾਮ ਨੂੰ ਸਪੱਸ਼ਟਾਉਂਦੇ ਹਨ। ਅਤੇ ਇਉਂ ਰਮਜ਼ਾਉਂਦੇ ਹਨ—"ਵਾਹੁ ਵਾਹੁ ਸਿਫਤਿ ਸਲਾਹ ਹੈ"। ਪਰ ਏਸ ਰਮਜ਼ ਬੁਝਾਰਤ ਨੂੰ ਸਪੱਸ਼ਟ



www.AKJ.Org

ਤੌਰ ਤੇ "ਗੁਰਮੁਖਿ ਬੂਝੈ ਕੋਇ", ਕੋਈ ਗੁਰਮੁਖਿ ਹੀ ਬੁਝਦਾ ਹੈ । ਇਹ ਸਿਫਤਿ-ਸਲਾਹ ਕਰਨ ਯੋਗ ਗੁਰਮਤਿ-ਨਾਮ ਇਕ ਖ਼ਿਆਲ ਹੀ ਨਹੀਂ, ਯਾ ਖਿਆਲੀ ਸੰਗਿਆ ਹੀ ਨਹੀਂ । "ਵਾਹੁ ਵਾਹੁ ਬਾਣੀ ਸਚੁ ਹੈ" ਦੇ ਗੁਰਵਾਕ ਭਾਵ ਅਨੁਸਾਰ ਧੁਰੋਂ ਆਈ ਬਿਸਮਾਦ ਰੂਪ, ਬਿਸਮਾਦ ਕਰਨਹਾਰੀ "ਸਚੁ ਬਾਣੀ" ਹੈ । ਏਸੇ ਕਰਕੇ ਹੀ, ਅਰਥਾਤ ਸਚੁ ਬਾਣੀ ਹੋਣ ਕਰਿ ਹੀ, ਗੁਰਮਤਿ ਨਾਮ ਸਤਿਨਾਮ ਹੈ, ਅਤੇ ਏਥੇ ਕੇਵਲ ਸਚੁ ਬਾਣੀ ਸਤਿਨਾਮੁ 'ਵਾਹਿਗੁਰੂ' ਗੁਰਮੰਤਰ ਦੇ ਜਪਣ ਕਰਿ ਹੀ "ਸਚਿ ਮਿਲਾਵਾ ਹੋਇ", ਸਚੇ ਅਕਾਲ ਪੁਰਖ ਨਾਲ ਮਿਲਾਵਾ ਹੁੰਦਾ ਹੈ । ਛੇਕੜਲੀ ਤੁਕ ਏਸੇ ਭਾਵ ਨੂੰ ਖੋਲ੍ਹ ਕੇ ਅਤੇ ਨਿਰਣੇ ਕਰ ਕੇ ਸਪੱਸ਼ਟ ਕਰਦੀ ਹੈ :

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ

ਅਰਥਾਤ ਗੁਰਮਤਿ ਨਾਮ ਵਾਹਿਗੁਰੂ ਦੇ ਜਪਣ ਕਰਿ ਹੀ 'ਨਾਮੀ' ਪ੍ਰਭੁ ਨਿਰੰਕਾਰ ਨੂੰ ਪਾਈਦਾ ਹੈ। ਇਹ ਰਸਨਾ ਕਰਕੇ ਗੁਰਮਤਿ ਨਾਮ ਦੇ ਜਾਪ ਜਪਣ ਦਾ ਪਾਰਸ ਕਲਾ ਪ੍ਰਭਾਵੀ-ਪਰਤਾਪ ਹੈ । ਏਸੇ ਰਸਨਾ ਕਰਿ ਨਾਮ ਜਪਣ ਦੇ ਗੁਰਮਤਿ ਭਾਵ ਨੂੰ ਇਸ ਤੋਂ ਅਗਲੇਰੇ ਸਲੋਕ ਵਿਖੇ ਹੋਰ ਨਿਰਣਾਉਂਦੇ ਹਨ :

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥ ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥ ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ, ਤਿਨ ਕਉ ਪਰਜਾ ਪੂਜਣ ਆਈ ॥ ਵਾਹੁ ਵਾਹੁ ਕਰਮਿ ਪਰਾਪਤਿ ਹੋਵੈ, ਨਾਨਕ ਦਰਿ ਸਚੈ ਸੋਭਾ ਪਾਈ ॥ [ਪੰਨਾ ੫੧੪

ਇਸ ਸਮੁਚੇ ਗੁਰਵਾਕ ਦੀ ਤੁਕ ਤੁਕ ਰਸਨਾ ਕਰਿ ਨਾਮ ਜਪਣ ਦੀ ਮਹਿਮਾ ਨੂੰ ਪਰਗਟਾਉਂਦੀ ਤੇ ਦ੍ਰਿੜ੍ਹਾਉਂਦੀ ਹੈ । ਅਤੇ ਇਹ ਭੀ ਨਿਰਣਾ ਕਰਾਉਂਦੀ ਹੈ ਕਿ ਜਪਣ ਯੋਗ ਨੀਸਾਨ ਰੂਪ ਗੁਰਮਤਿ ਨਾਮ ਖ਼ਾਸ ਅਖਰਾਂ ਦੁਆਰਾ ਮਿਲ ਕੇ, ਸਮਿਲਿਤ ਹੋ ਕੇ ਪੂਰਾ ਸ਼ਬਦ ਬਣਦਾ ਹੈ ਅਤੇ ਇਸ ਪੂਰੇ ਸ਼ਬਦ ਦੀ ਅਭਿਆਸ ਕਮਾਈ ਦੁਆਰਾ "ਪ੍ਰਭੁ ਮਿਲਿਆ ਆਈ", ਪਰੀ ਪੂਰਨ ਪ੍ਰਮਾਤਮਾ ਘਟ ਅੰਤਰਿ ਹੀ ਪ੍ਰਗਟ ਹੋਇ ਕੇ ਆਇ ਮਿਲਦਾ ਹੈ । ਐਸਾ ਪੂਰਾ ਸੂਰਾ ਪਾਰਸ-ਪਰਤਾਪੀ ਨਾਮ ਜਿਨ੍ਹਾਂ ਦੇ ਮੁਖਾਂ ਤੋਂ ਸਤਿਗੁਰੂ ਕਢਾਉਂਦਾ ਅਰਥ ਤ ਕਹਾਉਂਦਾ (ਜਪਾਉਂਦਾ) ਹੈ ਉਹ ਮਹਾ ਮਹਾ ਵਡਭਾਗੀ ਜਨ ਹਨ, ਵਡਭਾਗੇ ਹੀ ਨਹੀਂ, ਮਹਾਂ ਸੁੰਦਰ ਸੋਹਣੇ ਅਤੇ ਪੂਜਨੀਕ ਪਾਵਨ ਪੁਨੀਤ ਜਨ ਹਨ । ਵਡੇ ਭਾਗਾਂ ਕਰਿ ਹੀ ਗੁਰਮਤਿ ਨਾਮ ਦੀ ਸਿਫ਼ਤ-ਸਲਾਹ ਪ੍ਰਾਪਤ ਹੁੰਦੀ ਹੈ, ਜਿਸ ਦੇ ਪ੍ਰਾਪਤ ਹੋਣ ਕਰਿ ਸਚੇ (ਅਕਾਲ ਪੁਰਖ ਨਾਮੀ) ਦੇ ਦਰਿ ਜਾ ਕੇ ਸੋਭਾ ਪਾਈਦੀ ਹੈ । ਇਸ ਗੁਰਮਤਿ ਨਾਮ ਦੀ ਵਾਹੁ ਵਾਹੁ ਬਿਸਮਨੀ ਸਿਫ਼ਤ-ਸਲਾਹ ਕਰਨ ਅਤੇ ਖਿਨ ਖਿਨ ਦਿਨ ਰੈਣ ਕਰੀ ਜਾਣ ਦੀ ਹੁਕਮ-ਰਜਾਈ ਮਹਿਮਾ ਨੂੰ ਇਸ ਤੋਂ ਅਗਲੇਰੇ ਸਲੋਕ ਅੰਦਰਿ ਇਸ ਬਿਧ ਵਰਨਣ ਕਰਦੇ ਹਨ :

ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥ ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥ ਵਾਹੁ ਵਾਹੁ ਕਰਤਿਆ ਸੋਭਾ ਪਾਇ ॥ ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥ [ਗੂਜਰੀ ਕੀ ਵਾਰ,ਸਲੋਕ ਮ: ੩ ਪੰ: ੫੧੪

ਵਾਹੁ ਵਾਹੁ ਰੂਪੀ ਸਿਫਤ ਸਲਾਹ ਕਰਦਿਆਂ, ਅਰਥਾਤ ਨਾਮ ਜਪਦਿਆਂ (ਗੁਰਮਤਿ ਨਾਮ ਰਸਨਾ ਮੁਖਾਰ ਦੁਆਰਾ ਜਪਦਿਆਂ) ਰਾਤ ਸੁਖ ਸੇਤੀ ਵਿਹਾਉਂਦੀ ਹੈ ।

['ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

---

**ਜ਼ਰੂਰੀ ਬੇਨਤੀ**—ਹਰ ਮਹੀਨੇ ਪਹਿਲੀ ਤਰੀਕ ਨੂੰ ਸਭ ਪਾਠਕਾਂ ਨੂੰ ਪਰਚੇ ਡਾਕ ਵਿਚ ਪਾ ਦਿਤੇ ਜਾਂਦੇ ਹਨ । ਜਿਸ ਸਜਣ ਨੂੰ ਪਰਚਾ ਨਹੀਂ ਪੁਜਦਾ, ਉਹ ਰਸਤੇ ਵਿਚ ਗੁੰਮ ਹੋ ਜਾਂਦਾ ਹੈ । ਗੁੰਮ ਗਏ ਪਰਚੇ ਲਈ ਦੁਬਾਰਾ ਉਸੇ ਮਹੀਨੇ ਦੇ ਅੱਧ ਤਕ ਕਾਰਡ ਲਿਖੋ ਜੀ, ਤਾਕਿ ਦੁਬਾਰਾ ਉਹ ਪਰਚਾ ਭੇਜ ਦਿਤਾ ਜਾਵੇ ।

—ਮੈਨੇਜਰ



www.AKJ.Org

# ਨਰਕ ਸੁਰਗ (੫)

[ਵਲੋਂ :–ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ ਹਰਿ ਸਿਮਰਨ ਬਿਨੁ ਨਰਕਿ ਪਾਹਿ ॥ ਭਗਤ ਬਿਹੂਨਾ ਖੰਡ ਖੰਡ ॥ ਬਿਨੁ ਬੂਝੇ ਜਮੁ ਦੇਤ ਡੰਡ ॥੧॥ [ਬਸੰਤ ਮ: ੫, ਪੰ: ੧੧੯੨

ਭਾਵ, ਜੋ ਜੋ ਪ੍ਰਾਣੀ ਗੁਰਮਤਿ-ਹੁਕਮਾਂ ਅਨੁਸਾਰ ਹਰਿ ਸਿਮਰਨ ਨਹੀਂ ਕਰਦਾ, ਉਹ ਅਨੇਕ ਜਨਮਾਂ ਲਈ ਜੂਨੀਆਂ ਵਿਚ ਭਰਮਦਾ ਹੈ ਅਤੇ ਅਵੱਸ਼ ਹੀ ਨਰਕੀਂ ਜਾ ਪੈਂਦਾ ਹੈ। ਭਗਤੀ ਬਿਹੂਨਾ ਨਰ ਲੁਛ ਲੁਛ ਕੇ ਮਰਦਾ ਹੈ। ਜੋ ਪ੍ਰਾਨੀ ਭਗਤੀ ਦੇ ਇਸ ਪਰਮ ਪਦ ਨੂੰ ਨਹੀਂ ਬੁਝਦਾ ਅਤੇ ਨ ਬੁਝਣ ਕਰਕੇ ਭਗਤੀ ਨਹੀਂ ਕਰਦਾ, ਉਸਨੂੰ ਜ਼ਰੂਰ ਜਮ ਦਾ ਡੰਡ ਸਹਿਣਾ ਪਊ। ਜਮ ਉਸ ਨੂੰ ਡੰਡ ਜ਼ਰੂਰ ਦੇਊ। ਨਰਕ ਘੋਰ ਗੁਬਾਰ ਦੇ ਅੰਨ੍ਹੇ ਖੂਹ ਵਿਚ ਪਤਿਤ ਪ੍ਰਾਣੀਆਂ, ਸਾਕਤ ਪੁਰਸ਼ਾਂ ਨੂੰ ਜ਼ਰੂਰ ਪੈਣਾ ਪਊ। ਯਥਾ ਗੁਰਵਾਕ :—

ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ [ਸਾਰਗ ਮ: ੫, ਪੰ: ੧੨੨੩

ਮੌਤ ਰੂਪ ਬਿਲੇ ਤੋਂ ਅਤੇ ਮਰਨ ਕਾਲ ਦੇ ਤ੍ਰਾਸ ਤੋਂ ਬੇਮੁਖ ਦਾ ਬਚਾਉ ਕਦੇ ਨਹੀਂ ਹੁੰਦਾ। ਆਪਣੇ ਜਨ ਦਾ ਵਾਹਿਗੁਰੂ ਆਪ ਰਾਖਾ ਬਣਦਾ ਹੈ। ਬੇਮੁਖ ਦੀ ਪ੍ਰਤੀਤ ਕਿਤੇ ਭੀ ਨਹੀਂ ਰਹਿੰਦੀ। ਉਸ ਦਾ ਕਹਿਆ ਕੋਈ ਨਹੀਂ ਸੁਣਦਾ ਅਤੇ ਉਹਨੂੰ ਕਿਤੇ ਭੀ ਬਹਿਣਾ ਨਹੀਂ ਮਿਲਦਾ। ਐਥੇ ਇਸੇ ਲੋਕ ਵਿਖੇ ਦੁਖ ਅਤੇ ਅਗੇ (ਅਗਲੇ ਲੋਕ ਵਿਖੇ) ਨਰਕ ਭੁੰਚਦਾ ਹੈ ਅਤੇ ਬਹੁ ਜੋਨੀ ਭਰਮਦਾ ਫਿਰਦਾ ਹੈ। ਯਥਾ ਗੁਰਵਾਕ—

ਟੂਟੀ ਨਿੰਦਕ ਕੀ ਅਧ ਬੀਚ ॥ ਜਨ ਕਾ ਰਾਖਾ ਆਪਿ ਸੁਆਮੀ, ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ ॥ ਉਸ ਕਾ ਕਹਿਆ ਕੋਇ ਨ ਸੁਣਈ, ਕਹੀ ਨ ਬੈਸਣੁ ਪਾਵੈ ॥ ਈਹਾਂ ਦੁਖੁ ਆਗੈ ਨਰਕੁ ਭੁੰਚੈ, ਬਹੁ ਜੋਨੀ ਭਰਮਾਵੈ ॥੧॥

[ਸਾਰੰਗ ਮ: ੫, ਪੰ: ੧੨੨੪

ਇਸ ਗੁਰਵਾਕ ਅੰਦਰ ਭੀ ਨਰਕ ਤੇ ਆਵਾ-ਗਉਣ ਦੋਈ ਸਿਧ ਹੁੰਦੇ ਹਨ। ਅਗਲਾ ਗੁਰਵਾਕ ਇਸ ਗੱਲ ਨੂੰ ਪ੍ਰੋੜ੍ਹਤਾਉਂਦਾ ਹੈ ਕਿ ਜੋ ਪ੍ਰਾਣੀ ਨਾਮ-ਸਿਮਰਨ ਦਾ ਗੁਰਮਤਿ ਮਾਰਗ ਵਿਸਾਰ ਕੇ ਆਨਮਤਾਂ ਦੇ ਮਾਰਗਾਂ ਤੇ ਚਲਦੇ ਹਨ, ਉਹ ਅਵੱਸ਼ਮੇਵ ਹੀ ਨਰਕ ਘੋਰ ਵਿਚ ਪੈਂਦੇ ਹਨ ਅਤੇ ਹੋਰ ਅਨਿਕ ਪ੍ਰਕਾਰ ਦੀਆਂ ਸਜ਼ਾਵਾਂ ਉਹਨਾਂ ਨੂੰ ਮਿਲਦੀਆਂ ਹਨ, ਜਿਨ੍ਹਾਂ ਦੀ ਸ਼ੁਮਾਰ ਗਿਣਤੀ ਕੋਈ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਉਹ ਲੋਗ ਅਨਿਕ ਪ੍ਰਕਾਰੀ ਗਰਭ ਜੋਨੀਆਂ ਵਿਚ ਭਰਮਦੇ ਫਿਰਦੇ ਹਨ। ਯਥਾ ਗੁਰਵਾਕ :—

ਨਾਮ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਅਨਿਕ ਸਜਾਂਈ ਗਣਤ ਨ ਆਵੈ, ਗਰਭੈ ਗਰਭਿ ਭ੍ਰਮਾਹਿ ॥੧॥

[ਸਾਰੰਗ ਮ: ੫, ਪੰ: ੧੨੨੫

ਇਸ ਵਿਚ ਕੋਈ ਸੰਦੇਹ ਨਹੀਂ ਕਿ ਜਨਮ-ਜੋਨੀਆਂ ਦੇ ਜੰਜਾਲਾਂ ਵਿਚ ਪੈਣਾ ਭੀ ਨਰਕ ਸਮਾਨ ਹੀ ਸਮਝਿਆ ਜਾਂਦਾ ਹੈ। ਪਰ ਇਸ ਤੋਂ ਇਹ ਭਾਵ ਨਹੀਂ ਕਿ ਜੋ ਕੁਝ ਨਰਕ ਸੁਰਗ ਹੈ, ਏਥੇ ਹੀ ਹੈ, ਅਗੇ ਜਾ ਕੇ ਕੋਈ ਨਰਕ ਨਹੀਂ ਭੋਗਣਾ ਪੈਂਦਾ। ਇਸ ਪਰਕਾਰ ਦੇ ਮਾਇਆ-ਜੰਜਾਲੀ ਨਰਕ ਪ੍ਰਥਾਇ ਹੀ ਇਹ ਅਗਲਾ ਗੁਰਵਾਕ ਆਉਂਦਾ ਹੈ ਅਤੇ ਦੱਸਦਾ ਹੈ ਕਿ ਜਿਸ ਵਡਭਾਗੇ ਪ੍ਰਾਣੀ ਦਾ ਮਨ ਮਾਇਆ-ਮੋਹ-ਜੰਜਾਲ ਵਿਚੋਂ ਨਿਕਲ ਕੇ ਵਾਹਿਗੁਰੂ ਦੇ ਦਰਸ਼ਨ ਦੀ ਪਿਆਸ ਨਾਲ ਮੋਹਤ ਹੋ ਜਾਂਦਾ ਹੈ, ਉਸ ਦਾ ਮਾਨੋ ਨਰਕ ਵਿਚੋਂ ਧੂਹ ਕੇ ਕੱਢ ਲੈਣ ਦਾ ਸਰੰਜਾਮ ਸਤਿਗੁਰੂ ਬਣਾ ਦਿੰਦੇ ਹਨ। ਯਥਾ ਗੁਰਵਾਕ—

ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥ [ਸਾਰੰਗ ਮ: ੫, ਪੰ: ੧੨੨੭



www.AKJ.Org

ਦਰਸਨ-ਪਿਆਸਾ ਵਾਲੀ ਪਰਮਾਰਥੀ ਜਗਿਆਸਣ ਇਸਤ੍ਰੀ ਪ੍ਰਥਾਇ ਇਹ ਵਾਕ ਉਚਾਰਣ ਹੋਇਆ ਹੈ। ਇਸ ਉਪਰਲੇ ਗੁਰਵਾਕ ਦਾ ਇਹ ਭੀ ਭਾਵ ਹੈ ਕਿ ਜੋ ਪਿਆਰੇ, ਪਿਆਰੇ ਦੇ ਦਰਸ਼ਨ ਦੀਆਂ ਤਾਂਘਾਂ, ਪਰਬਲ ਪਿਆਸ-ਤਰੰਗਾਂ ਵਿਚ ਹੀ ਸਰੀਰ ਛੱਡ ਜਾਂਦੇ ਹਨ, ਉਨ੍ਹਾਂ ਨੂੰ ਭੀ ਅਗੇ ਜਾ ਕੇ ਨਰਕ ਪੈਂਦਿਆਂ ਨੂੰ ਸਤਿਗੁਰੂ ਨਾਨਕ ਦੇਵ ਜੀ ਧੂਹ ਕੇ ਕੱਢ ਲੈਂਦੇ ਹਨ।

ਜੋ ਭਾਗਹੀਣ ਪ੍ਰਾਣੀ ਗੁਰੂ ਦੀ ਸਿਖਸ਼ਾ ਤੋਂ ਮੂੰਹ ਫੇਰ ਲੈਂਦਾ ਹੈ ਅਤੇ ਗੁਰੂ ਦੇ ਫ਼ੁਰਮਾਏ ਹੁਕਮ ਨੂੰ ਚਿਤਿ ਵਿਚ ਹੀ ਨਹੀਂ ਧਾਰਨ ਕਰਦਾ, ਸਗੋਂ ਉਲਟਾ ਬਡ-ਆਚਾਰੀ ਹੋ ਕੇ ਬਹੁਤੀ ਸੰਪਤ ਸੰਚਣ ਵਿਚਿ ਲੱਗ ਜਾਂਦਾ ਹੈ, ਉਸ ਦੇ ਇਸ ਸੰਪਉ ਸੰਚਣ ਹਿਤ ਕੀਤੇ ਕਰਮ ਉਸ ਦੇ ਅਗੇ ਜਾ ਕੇ ਸਹਾਈ ਨਹੀਂ ਹੁੰਦੇ, ਸਗੋਂ ਨਰਕਾਂ ਦੇ ਪਾਤਰ ਬਣਾਉਂਦੇ ਹਨ ਅਤੇ ਸਚ-ਮੁਚ ਨਰਕ ਵਿਚ ਜਾਇ ਪਾਉਂਦੇ ਹਨ। ਯਥਾ ਗੁਰਵਾਕ—

> ਗੁਰ ਤੇ ਮੁਹੁ ਫੇਰੇ ਜੇ ਕੋਈ, ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ, ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ [ਪ੍ਰਭਾਤੀ ਮ: ੧, ਪੰ: ੧੩੩੪

ਭਾਵ—ਜਿਤਨੇ ਭੀ ਚਜ-ਆਚਾਰੀ, ਬਡਿ-ਕਰਤੂਤੇ ਅਤੇ ਬੜੀਆਂ ਬੜੀਆਂ ਜਾਇਦਾਦਾਂ ਸੰਪਤਾਵਾਂ ਵਾਲੇ ਮਾਇਕ ਵਡੇਰੂ ਪੁਰਸ਼ ਹਨ, ਉਹ ਸਾਰੇ ਹੀ ਨਰਕ-ਪਾਤੀ ਜੀਵ ਹਨ। ਉਹਨਾਂ ਨੂੰ ਏਹਨਾਂ ਮਾਇਕ ਵਡਿਆਈਆਂ ਨੇ, ਆਚਾਰਵੰਤੀਆਂ ਨੇ ਅਗੇ ਜਾ ਕੇ ਨਿਮਖ ਮਾਤਰ ਭੀ ਸਹਾਈ ਨਹੀਂ ਹੋਣਾ। ਅਵੱਸ਼ ਹੀ ਉਹਨਾਂ ਨੂੰ ਨਰਕ ਵਿਚ ਪੈਣਾ ਪਊ। ਐਥੇ ਉਹ ਟਿਚ ਸਮਝਦੇ ਹਨ, ਪਰਮਾਰਥੀ ਗੁਰਬੁਝਾਰਤਾਂ ਨੂੰ। ਨਾਮ ਧਰੀਕ ਸਿਖ ਸਦਾਇ ਕੇ ਆਪ-ਹੁਦਰੇ ਹੀ ਚਲਦੇ ਹਨ। ਗੁਰੂ ਦੀ ਸਿਖਿਆ ਨੂੰ ਕੰਨਾਂ ਤੇ ਹੀ ਨਹੀਂ ਧਰਦੇ। ਐਸੇ ਗੁਰੂ ਤੋਂ ਮੂੰਹ ਫੇਰਨਹਾਰੇ ਪੁਰਸ਼ ਗੁਰ ਤੋਂ ਬੇਮੁਖ ਹੀ ਗਰਦਾਨੇ ਜਾਂਦੇ ਹਨ। ਉਹਨਾਂ ਨੂੰ ਕਿਤੇ ਢੋਈ ਨਹੀਂ ਮਿਲਦੀ। ਚਾਰ ਦਿਨ ਦੀ ਫੋਕੀ ਮਾਇਕ ਵਡਿਆਈ ਹੀ ਮਿਲਦੀ ਹੈ, ਸੋ ਭੀ ਓਪਰੀ ਖ਼ੁਸ਼ੀ ਹੀ ਇਸ ਵਿਚ ਹੈ। ਅੰਦਰੋਂ ਉਹ ਬੜੇ ਦੁਖੀ ਹੁੰਦੇ ਹਨ। ਕਿਸੇ ਨੂੰ ਦੱਸਦੇ ਨਹੀਂ। ਕਰਤਾ ਪੁਰਖ ਭੀ ਸਭ ਕੁਝ ਅੰਦਰ ਦੀ ਗ਼ਤ ਨੂੰ ਜਾਣਦਾ ਹੀ ਹੈ।

ਪੰਜਾਂ ਦੂਤਾਂ ਵਿਚੋਂ ਨਰਕ-ਗਾਮੀ ਕਰਨ ਲਈ ਕਾਮ ਦੀ ਕਰਤੂਤ ਸਭ ਤੋਂ ਭੈੜੀ ਹੈ। ਨਿਰਾ ਕਾਮ ਦੇ ਅਧੀਨ ਹੋਇਆ ਮਾਣਸ ਨਰਕ ਵਿਚ ਵਾਸਾ ਪਾਉਣ ਦਾ ਅਧਿਕਾਰੀ ਬਣ ਜਾਂਦਾ ਹੈ। ਬਹੁ ਜੋਨੀ ਭਰਮਾ-ਵਣਾ ਭੀ ਕਾਮ ਦਾ ਹੀ ਕੰਮ ਹੈ। ਕਾਮੀ ਪੁਰਸ਼ ਦਾ ਚਿਤ ਸੁੰਦਰ ਕਾਮਣੀ ਨੂੰ ਦੇਖ ਕੇ ਛੇਤੀ ਹੀ ਚੁਰਾਇਆ ਜਾਂਦਾ ਹੈ। ਮਾਣਸ ਨੇ ਚਾਹੇ ਕਿਤਨੇ ਭੀ ਜਪ, ਤਪ, ਸੀਲਤਾ ਦੇ ਸਾਧਨ ਕੀਤੇ ਹੋਣ, ਕਾਮ ਦੇ ਅਗੇ ਖੁਰ ਕੇ ਬਿਦਾਰੇ ਜਾਂਦੇ ਹਨ। ਕਾਮ ਦਾ ਸਤਾਇਆ ਹੋਇਆ, ਭਰਮਾਇਆ, ਜੋਨ ਜੋਨਾਇਆ ਫਿਰਦਾ ਹੈ। ਕਾਮ ਵਿਚ ਖੱਚਤ ਅਤੇ ਖੀਨ ਖਰਾਬ ਹੋਇਆ ਕਾਮੀ ਪੁਰਸ਼, ਅਨਿਕ ਜੋਨੀਆਂ ਵਿਚ ਪੈ ਕੇ ਜੰਮਦਾ ਮਰਦਾ ਹੈ। ਓੜਕ ਉਸ ਦਾ ਨਰਕ ਵਿਚ ਵਾਸਾ ਹੁੰਦਾ ਹੈ। ਅਨਿਕ ਉਪਾਵ ਕਰਿ ਭੀ ਨਰਕ ਵਿਚ ਪੈਣੋਂ ਬਚ ਨਹੀਂ ਸਕਦਾ। ਕੇਵਲ ਓਹੀ ਨਰ ਬਚਦੇ ਹਨ, ਜਿਨ੍ਹਾਂ ਦੇ ਚੰਗੇ ਕਰਮ ਉਦੇ ਹੋ ਜਾਣ ਤੇ ਨਿਰਮਲ ਸਾਧ ਸੰਗਤ, (ਗੁਰੂ ਘਰ ਦੀ) ਵਿਚਿ ਉਹਨਾਂ ਦਾ ਵਾਸਾ ਹੋ ਜਾਵੇ। ਪ੍ਰਾਸਚਿਤ ਕਰਨ ਅਤੇ ਪਸਚਾਤਾਪ ਕਰ ਕੇ ਮੰਦ-ਕਰਮਾਂ ਨੂੰ ਛਡਿ ਦੇਣ ਅਤੇ ਵਾਹਿਗੁਰੂ ਦੀ ਓਟ ਲੈ ਲੈਣ, ਸਾਰਾ ਗੁਰਮਤਿ ਜੀਵਨ ਵਾਹਿਗੁਰੂ ਦੇ ਸਿਮਰਨ ਵਿਚਿ ਅਰਪਨ ਕਰ ਦੇਣ ਤਾਂ ਬਚਾਉ ਹੈ, ਨਹੀਂ ਤਾਂ ਨਰਕ ਵਿਚ ਨਿਵਾਸ ਜ਼ਰੂਰ ਹੈ। ਐਵੇਂ ਅਲਪ ਸੁਖ ਕਾਰਨ ਚੰਚਲ ਚਿਤ ਦੇ ਅਧੀਨ ਹੋ ਕੇ, ਪਰ-ਤ੍ਰਿਆ ਰਮਣ ਵਿਚ ਖੱਚਤ ਹੋ ਕੇ ਨਰਕਾਂ ਦੇ ਪਾਤ੍ਰ ਬਣ ਬਹਿੰਦੇ ਹਨ। ਏਸੇ ਭਾਵ ਦਾ ਸਹਸਕ੍ਰਿਤੀ ਸਲੋਕ ਵਿਚ ਇਹ ਗੁਰਵਾਕ ਭੀ ਆਉਂਦਾ ਹੈ—

> ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਹੰ, ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ



www.AKJ.Org

ਨਾਨਕ ਨਾਰਾਇਣਹ ॥੪੬॥ [ਪੰਨਾ ੧੩੫੮

ਨਰਕਾਂ ਤੋਂ ਬਚਣ ਲਈ ਇਸ ਗੁਰਵਾਕ ਦੇ ਭਾਵ ਅਨੁਸਾਰ ਬਹੁਤਾ ਕਾਮ ਨੂੰ ਵਸੀਕਾਰ ਕਰਨਾ ਪਰਮ ਲਾਜ਼ਮੀ ਹੈ। ਇਸ ਦਾ ਹੋਰ ਕੋਈ ਉਪਾਵ ਨਹੀਂ, ਸਾਧ ਸੰਗਤ ਕਰੇ ਅਤੇ ਨਾਮ ਵਿਚਿ ਲੀਣ ਹੋਵੇ। ਸਤਿ ਪੁਰਖ ਸਤਿ ਸਤਿ ਕਰ ਕੇ ਭਾਖਿਆ ਦਿੰਦੇ ਹਨ ਕਿ ਵਾਹਿਗੁਰੂ ਨਾਮ ਵਰਗਾ ਹੀਰਾ ਪਦਾਰਥ ਛੱਡ ਕੇ, ਜਿਹੜੇ ਆਦਮੀ ਹੋਰਨਾਂ ਕੰਮਾਂ ਵਿਚ ਖੱਚਤ ਹੋ ਕੇ ਪਰਾਈਆਂ ਆਸਾਂ ਤੇ ਪਰਾਏ ਆਸਰੇ ਤੱਕਦੇ ਫਿਰਦੇ ਹਨ, ਤੇ ਨਰ ਅਵੱਸ਼ ਦੋਜ਼ਖਾਂ (ਨਰਕਾਂ) ਨੂੰ ਜਾਣਗੇ। ਯਥਾ ਗੁਰਵਾਕ—

ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ ॥੨੪੨॥

[ਸਲੋਕ ਕਬੀਰ ਜੀ, ਪੰ: ੧੩੭੭

ਅਗਲਾ ਗੁਰਵਾਕ ਤਪੇ ਦੋਜ਼ਖ (ਨਰਕ) ਦੀ ਖ਼ੂਬ ਸ਼ਾਹਦੀ ਭਰਦਾ ਹੈ:—

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ, ਜਿਉ ਦਰੀਆਵੈ ਢਾਹਾ ॥ ਅਗੈ ਦੋਜਕ ਤਪਿਆ ਸੁਣੀਐ, ਹੂਲ ਪਵੈ ਕਾਹਾਹਾ ॥ [ਪੰਨਾ ੧੩੮੩

ਦੋਜ਼ਖ ਤਪਦੇ ਵਿਚ ਸੜਦੇ ਭੁਜਦੇ ਹੋਏ ਜੀਵ ਹਾਲ-ਪੁਕਾਰ ਕਰਦੇ, ਹਾਹਾਕਾਰ ਕਰਦੇ ਸੁਣ ਕੇ ਹੀ ਸਰਬ ਦ੍ਰਿਸ਼ਟੀ-ਦਿੱਬਤਾ ਵਾਲਿਆਂ ਦੀ ਇਹ ਸੱਚੀ ਸ਼ਹਾਦਤ ਗਵਾਹੀ ਹੈ। ਜਿਹੜੇ ਅਜੇ ਭੀ ਬੁਰੇ ਕੰਮ ਕਰਨੋਂ ਨਹੀਂ ਟਲਦੇ ਅਤੇ ਅਵੇਸਲੇ ਬੇ-ਪ੍ਰਵਾਹ ਹੋਏ ਫਿਰਦੇ ਹਨ ਉਹਨਾਂ ਦੀਆਂ ਆਪਣੀਆਂ ਅਮਲ-ਕਰਨੀਆਂ ਹੀ ਦਰਗਾਹ ਵਿਚ ਜਾ ਕੇ ਉਗਾਹੀਆਂ ਦੇਣਗੀਆਂ। ਜਿਨ੍ਹਾਂ ਨੂੰ ਸੋਝੀ ਆ ਗਈ ਹੈ ਅਤੇ ਬੁਰੇ ਕੰਮਾਂ ਤੋਂ ਹਟ ਗਏ ਹਨ ਤੇ ਬੰਦਗੀ ਵਿਚ ਤਤਪਰ ਹੋ ਗਏ ਹਨ, ਉਹ ਦੋਜ਼ਖਾਂ ਦੀ ਅਗਨੀ ਤੋਂ ਬਚ ਜਾਣਗੇ।

ਇਕਨਾ ਨੋ ਸਭ ਸੋਝੀ ਆਈ, ਇਕਿ ਫਿਰਦੇ ਵੇਪਰਵਾਹਾ ॥ ਅਮਲ ਜਿ ਕੀਤਿਆ ਦੁਨੀ ਵਿਚਿ,ਸੇ ਦਰਗਹ ਓਗਾਹਾ॥੯੮॥ [ਪੰਨਾ ੧੩੮੩

ਜੋ ਜਨ ਗੁਰਮਤਿ ਪ੍ਰੇਮ ਮਾਰਗ ਦੇ ਪਾਂਧੀ ਨਹੀਂ ਬਣਦੇ ਅਤੇ ਅਨਮਾਰਗਾਂ ਵਿਚ ਭੁਲੇ ਫ਼ਿਰਦੇ ਹਨ ਗਵਾਰਾਂ ਵਾਂਗੂ, ਉਹ ਵਾਹਿਗੁਰੂ ਨਾਮ ਨੂੰ ਤੇ ਵਾਹਿਗੁਰੂ ਨੂੰ ਵਿਸਰਾਇ ਕੇ ਨਰਕ ਅੰਧਿਆਰ ਅਵੱਸ਼ ਪੈਣਗੇ, ਇਸ ਵਿਚ ਰੰਚਕ ਸੰਦੇਹ ਨਹੀਂ:—

ਪੰਥਾ ਪ੍ਰੇਮ ਨ ਜਾਣਈ, ਭੂਲੀ ਫਿਰੈ ਗਵਾਰਿ ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧਾਰ ॥੧੮॥ [ਸਲੋਕ ਮ: ੯, ਪੰਨਾ ੧੪੨੫

ਨਰਕ ਸੁਰਗ ਦੇ ਵਿਸ਼ੇ ਤੇ ਇਸ ਤੋਂ ਵਧ ਹੋਰ ਲਿਖਣ ਦੀ ਲੋੜ ਨਹੀਂ। ਗੁਰਬਾਣੀ ਦੇ ਪ੍ਰਮਾਣਾਂ ਦੀ ਏਦੂੰ ਵਧ ਲੋੜ ਨਹੀਂ ਭਾਸਦੀ। ਬਥੇਰੇ ਪਰਮਾਣ ਵਿਆਖਿਆ ਸੰਯੁਕਤ ਦਿਤੇ ਗਏ ਹਨ। ਐਸਾ ਕੋਈ ਸ਼ਰਧਾਹੀਨ ਸਿਖ ਨਹੀਂ, ਜੋ ਹੁਣ ਏਸ ਨਰਕ ਸੁਰਗ ਦੀ ਹੋਂਦ ਦੇ ਵਿਸ਼ੇ ਤੇ ਕਿੰਤੂ ਕਰੂਗਾ। ਹੁਣ ਅਗਲਾ ਵਿਸ਼ਾ ਜਮਦੂਤ ਜਾਂ ਜਮਾਂ ਦੀ ਹੋਂਦ ਸਬੰਧੀ ਹੈ, ਪਰ ਇਸ ਵਿਸ਼ੇ ਪ੍ਰਥਾਇ ਗੁਰਬਾਣੀ ਅੰਦਰ ਇਤਨੇ ਬੇਅੰਤ ਪਰਮ੍ਹਣ ਹਨ, ਜਿਨ੍ਹਾਂ ਦੀ ਹੋਂਦ ਵਿਚ ਕਿਸੇ ਗੁਰਸਿਖ ਨੂੰ ਇਸ ਵਿਸ਼ੇ ਬਾਰੇ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ। ਪਰ ਆਮ ਤੌਰ ਤੇ ਦੇਖੀਦਾ ਹੈ ਕਿ ਗੁਰਬਾਣੀ ਦੇ ਪਾਠ ਵਿਚ ਤੱਤ-ਖੋਜੀ ਜਨਾਂ ਤੋਂ ਬਿਨਾਂ ਹੋਰ ਕੋਈ ਜਮਾਂ ਦੇ ਵਿਸ਼ੇ ਨੂੰ ਗੌਰ ਕਰ ਕੇ ਦੇਖਦਾ ਵੀਚਾਰਦਾ ਹੀ ਨਹੀਂ। ਆਮ ਤੌਰ ਤੇ ਪਾਠ ਬਾਣੀ ਦਾ ਕਰਦਿਆਂ ਹੋਇਆਂ ਐਵੇਂ ਇਸ ਪ੍ਰਕਾਰ ਦੇ ਵਿਸ਼ਿਆਂ ਨੂੰ ਉੱਪਰ ਦੀ ਉਲੰਘ ਜਾਈਦਾ ਹੈ। ਇਸ ਕਰਕੇ ਅਗਲੇ ਕਾਂਡ ਵਿਚ ਜਿਤਨੇ ਭੀ ਅੱਤ ਜ਼ਰੂਰੀ ਗੁਰ-ਪ੍ਰਮਾਣ ਇਸ ਵਿਸ਼ੇ ਉਤੇ ਦੇਣੇ ਦਰਕਾਰ ਹੋਏ, ਵਿਆਖਿਆ ਸਯੁਕਤ ਦੇ ਕੇ **'ਜਮ'** ਅਤੇ **'ਜਮਪੁਰੀ'** ਦੀ ਹੋਂਦ ਨੂੰ ਸਿਧ ਕੀਤਾ ਜਾਊ। ਜਿਥੇ ਜਿਥੇ ਅਤੀ ਲੋੜ ਪਈ, ਵਿਆਖਿਆ ਦਿਤੀ ਜਾਊ, ਨਹੀਂ ਤਾਂ ਗੁਰ-ਪ੍ਰਮਾਣ ਹੀ ਥੋੜੀ ਬਹੁਤੀ ਟੀਕਾ-ਟਿਪਣੀ ਕਰ ਕੇ ਦਰਸਾਏ ਜਾਣਗੇ। ਵਿਸਥਾਰ ਦੇ ਭੈ ਕਰਕੇ ਸਮੁਚਿਆਂ ਗੁਰਵਾਕਾਂ ਦੀ ਵਿਆਖਿਆ ਤੋਂ ਸਕੋਚ ਹੀ ਕੀਤਾ ਜਾਊ। ਤਰਦੇ ਤਰਦੇ ਢੁਕਵੇਂ ਖ਼ੂਬ ਫਬਦੇ ਹੀ ਗੁਰ-ਪ੍ਰਮਾਣ ਠੋਕ ਕੇ ਵਿਆਖਤ ਕੀਤੇ ਜਾਣਗੇ, ਕੁਝ ਥੋੜਿਆਂ ਦੀਆਂ ਟੀਕਾ-ਟਿਪਣੀਆਂ ਕੀਤੀਆਂ ਜਾਣਗੀਆਂ। ਬਾਕੀ ਬਹੁਤ ਸਾਰੇ ਗੁਰਪ੍ਰਮਾਣ ਕੇਵਲ ਉਤਾਰਾ ਕਰ ਕੇ ਦਰਸਾਏ ਹੀ ਜਾਣਗੇ, ਵਿਆਖਿਆ ਵਿਸਥਾਰ ਵਿਚ ਨਹੀਂ ਆਉਣਗੇ।

['ਅਣਡਿਠੀ ਦੁਨੀਆ' ਵਿਚੋਂ ਧੰਨਵਾਦ ਸਹਿਤ

www.AKJ.Org

## ਵਾਹਿਗੁਰੂ ਦੇ ਨਾਂ ਦੀ ਪੂੰਜੀ, ਰੰਗ-ਰਤਿਆਂ ਤੋਂ ਲਭੇ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗਜ਼ਲ ਦਾ ਪੰਜਾਬੀ ਅਨੁਵਾਦ]

ਸਾਡੀ ਸੰਗਤ ਅੰਦਰ ਤੁਧ ਬਿਨ, ਚਰਚਾ ਚਲਦੀ ਨਾਹੀਂ।
ਇਸ ਮਹਿਫਲ ਵਿਚ ਆਵੀਂ ਮਾਹੀ, ਘੁੰਡ ਪਰ ਪਹਿਲੇ ਲਾਹੀਂ ॥੧।
ਦੂਈ ਤੋਂ ਲੰਘ ਜਾ ਅਗੇਰੇ, ਹੋ ਆਪੇ ਦਾ ਜਾਣੂ।
ਜੋ ਆਪੇ ਦਾ ਜਾਣੂ ਹੋਇਆ, ਹੋਇਆ ਰੱਬ-ਪਛਾਣੂ ॥੨॥
ਦਿਲ ਦਾ ਮਾਲਕ ਬਣਿਆ ਓਹੀ, ਜਿਸ ਨੂੰ ਸ਼ੌਕ ਸਜਣ ਦਾ।
ਇਹ ਕੰਮ ਦਾਨੇ ਪਾਗ਼ਲ ਦਾ ਨਹੀਂ, ਕੰਮ ਹੈ ਇਸ਼ਕ-ਲਗਨ ਦਾ ॥੩॥
ਓਹ ਉਪਦੇਸ਼ਕ ਕਥਾ ਨਸੀਹਤ, ਦੀ ਗੱਲ ਛੱਡ ਪੁਰਾਣੀ।
ਸਾਧ ਸੰਗਤ ਵਿਚ ਕੰਮ ਨਾ ਆਵੇ, ਕਿੱਸਾ ਅਤੇ ਕਹਾਣੀ ॥੪॥
ਵਾਹਿਗੁਰੂ ਦੇ ਨਾਂ ਦੀ ਪੂੰਜੀ, ਰੰਗ-ਰਤਿਆਂ ਤੋਂ ਲਭੇ।
ਕਿਉਂ ਜੰਗਲਾਂ ਵਿਚ ਭਟਕੇਂ ਐਵੇਂ, ਇਹ ਕੰਮ ਬਿਰਥੇ ਸਭੇ ॥੫॥
ਸੁੱਚੀ ਸਿਕ ਦੀ ਸੱਚੀ ਪੂੰਜੀ, ਰੱਬ-ਰੰਗਿਆਂ ਤੋਂ ਮੰਗ ਲੈ।
ਦਿਲੀਂ ਉਹਨਾਂ ਦੇ ਰੱਬ ਦਾ ਰੰਗ ਹੈ, ਉਸ ਅੰਦਰ ਦਿਲ ਰੰਗ ਲੈ ॥੬॥
ਕਦ ਤਕ ਕੂਕੀ ਜਾਵੇਂਗਾ ਤੂੰ, ਚੁਪ ਕਰ ਹੁਣ ਤੇ 'ਗੋਇਆ'।
ਕਾਅਬੇ ਠਾਕਰ-ਦੁਆਰੇ ਦਾ ਰੱਬ, ਕਦੇ ਮੁਥਾਜ ਨ ਹੋਇਆ ॥੭॥

[ਸ: ਵਿਧਾਤਾ ਸਿੰਘ ਜੀ 'ਤੀਰ'

## ਯੂ. ਕੇ. ਅਖੰਡ ਕੀਰਤਨੀ ਜੱਥੇ ਦੇ ਸਪਤਾਹਕ ਕੀਰਤਨ-ਪ੍ਰੋਗਰਾਮ

ਯੂ. ਕੇ. ਨਿਵਾਸੀ ਸਭ ਸੰਗਤਾਂ ਪ੍ਰਤੀ ਵਿਦਤ ਕੀਤਾ ਜਾਂਦਾ ਹੈ ਕਿ ਅਪ੍ਰੈਲ ੧੯੭੬ ਵਿਖੇ ਹੇਠ ਲਿਖੇ ਅਨੁਸਾਰ ਕੀਰਤਨ-ਪ੍ਰੋਗਰਾਮ ਹੋ ਰਹੇ ਹਨ। ਜਥੇ ਦੇ ਸਾਰੇ ਮੈਂਬਰ ਅਤੇ ਸਰਬਤ ਸੰਗਤਾਂ ਨੀਯਤ ਸਮੇਂ ਸਿਰ ਦਰਸ਼ਨ ਦੇ ਕੇ ਕੀਰਤਨ ਸ੍ਰਵਣ ਕਰਨ ਅਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ—

2 ਤੋਂ 4 ਅਪ੍ਰੈਲ ਤਕ ਰੈਣ-ਸਬਾਈ ਤੇ ਦਿਵਸ ਸੁਹੇਲਾ — ਗੁਰੂ ਨਾਨਕ ਸਿਖ ਟੈਂਪਲ, Smethwick, B-ham—40

11 ਅਪ੍ਰੈਲ ਐਤਵਾਰ 8 ਤੋਂ 12-30 ਅਖੰਡ ਕੀਰਤਨ — ਗੁਰਦਵਾਰਾ ਭਾਟੜਾ ਬ੍ਰਾਦਰੀ, 221—Mary St. Balsall Heath, Birmingham—12

16 ਤੋਂ 18 ਐਤਵਾਰ ਤਕ ਅਖੰਡ ਪਾਠ ਤੇ ਅਖੰਡ ਕੀਰਤਨ, S. Gurnam Singh, 104—Wind Mill St. Gravesend (Kant)

25 ਅਪ੍ਰੈਲ ਐਤਵਾਰ 9-30 ਤੋਂ 12-30 ਅਖੰਡ ਕੀਰਤਨ — ਗੁਰੂ ਨਾਨਕ ਸਿਖ ਟੈਂਪਲ, High St. Smethwick, Birmingham—40

**ਪ੍ਰਾਰਥਕ ਦਾਸਰੇ**—20, Hartington Rd, Lozells, Birmingham—19, Tel. 021,525,8133



www.AKJ.Org

# ਅੰਮ੍ਰਿਤ ਦੀ ਦਾਤ

[ਵਲੋਂ :—ਗਿ: ਗੋਪਾਲ ਸਿੰਘ ਜੀ 'ਮਿਤਰ', ਮਾਲਬ, ਜ਼ਿਲਾ ਗੁੜਗਾਂਉ]

ਦਸਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਸਮੇਂ ਨੂੰ ਪਛਾਣ ਕੇ ਨੌਂ ਗੁਰੂ ਜੋਤਾਂ ਤੋਂ ਚਲੀ ਆ ਰਹੀ ਚਰਨ ਪਾਹੁਲ ਦੀ ਰੀਤੀ ਨੂੰ ਸਮਾਪਤ ਕਰ ਕੇ, ਸਰਬ ਸਾਂਝੇ ਪੰਚਾਇਤੀ ਅਸੂਲ "ਸਭੇ ਸਾਂਝੀਵਾਲ ਸਦਾਇਨਿ" ਦੇ ਵਿਚਾਰ ਨੂੰ ਮੁਖ ਰਖ ਕੇ, ਸਿਖ ਸੰਗਤਾਂ ਨੂੰ ਖੰਡੇ ਦੀ ਪਾਹੁਲ ਦੇਣ ਦੀ ਮਰਯਾਦਾ ਚਲਾਈ। ਇਹ ਵਡਾ ਮਹਾਨ ਕਾਰਜ ਸ੍ਰੀ ਅਨੰਦਪੁਰ ਦੀ ਪਾਵਨ ਧਰਤ ਤੇ ੧੬੯੯ ਈ: ਦੀ ਵੈਸਾਖੀ (੩੦ ਮਾਰਚ) ਨੂੰ ਪਰਵਾਨ ਚੜ੍ਹਿਆ, ਜਿਸ ਦੀ ਪੂਰਤੀ ਲਈ ਆਪ ਅਕਾਲ ਪੁਰਖ ਵਲੋਂ "ਮੈ ਆਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ" ਦਾ ਮਿਸ਼ਨ ਲੈ ਕੇ ਆਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਏ ਪੰਥ ਦੀ ਅਸਚਰਜ-ਮਈ ਢੰਗ ਨਾਲ ਤਲਵਾਰ ਦੀ ਧਾਰ ਹੇਠ ਪ੍ਰੀਖਿਆ ਕੀਤੀ। ਏਸ ਚੋਣ ਵਿਚ ਜਿਹੜੇ ਪੰਜ ਗੁਰੂ ਪਿਆਰੇ ਆਪਣੇ ਸੀਸ ਅਰਪਨ ਕਰ ਕੇ ਗੁਰੂ-ਮਿਹਰ ਦੇ ਪਾਤਰ ਬਣੇ ਉਨ੍ਹਾਂ ਨੂੰ ਅੰਮ੍ਰਿਤ (ਆਬੇ ਹਯਾਤ) ਦੀ ਦਾਤ ਬਖਸ਼ ਕੇ ਨਿਵਾਜਿਆ।

ਇਹ ਅੰਮ੍ਰਿਤ ਕਿਵੇਂ ਤਿਆਰ ਕੀਤਾ ਗਿਆ, ਜਿਸ ਨੇ ਮੁਰਦਾ ਕੌਮ ਵਿਚ ਨਵੀਂ ਰੂਹ ਭਰ ਦਿਤੀ, ਇਹ ਵੀ ਇਕ ਨਵੀਨ ਦ੍ਰਿਸ਼ਯ ਸੀ। ਸਵੱਛ ਜਲ ਮੰਗਵਾ ਕੇ ਸਰਬ ਲੋਹ ਦੇ ਬਾਟੇ ਵਿਚ ਪਾਇਆ ਗਿਆ ਤੇ ਵਿਚੇ ਹੀ ਪਤਾਸੇ ਪਾ ਦਿਤੇ। ਆਪ ਜੀ ਆਪਣੇ ਸੱਜੇ ਹੱਥ ਵਿਚ ਦੋਧਾਰਾ ਖੰਡਾ ਪਕੜ ਕੇ ਬੀਰ-ਆਸਣ ਹੋ ਬੈਠੇ। ਉਸ ਖੰਡੇ ਨੂੰ ਬਾਟੇ ਵਿਚ ਪਾਏ ਗਏ ਜਲ ਵਿਚ ਰਗੜਦੇ ਹੋਏ, ਪਾਵਨ ਰਸਨਾ ਤੋਂ ਵਾਰੋ ਵਾਰੀ ਪੰਜ ਬਾਣੀਆਂ ਜਪੁ, ਜਾਪ, ਸੁਧਾ ਸਵੈਯੇ, ਚੋਪਈ ਅਤੇ ਅਨੰਦੁ ਦਾ ਪਾਠ ਕਰਦੇ ਰਹੇ। ਨੈਣਾਂ ਦੀ ਇਕ-ਟੱਕ ਕੇਂਦ੍ਰਿਤ ਕੀਤੀ ਦ੍ਰਿਸ਼ਟੀ ਤੇ ਅਕਾਲੀ ਬਾਣੀ ਦੇ ਨਿਰੰਤਰ ਜਾਪ ਨਾਲ ਇਹ ਤਿਆਰ ਹੋਇਆ ਅੰਮ੍ਰਿਤ, ਪ੍ਰੀਖਿਆ ਵਿਚੋਂ ਪਾਸ ਹੋਏ ਪੰਜਾਂ ਨੂੰ, ਜਿਹੜੇ ਗੁਰੂ ਹੁਕਮ ਅਨੁਸਾਰ ਇਸ਼ਨਾਨੇ ਸੋਧ ਕੇ, ਸੂਛ ਬਸਤ੍ਰ ਸ਼ਸਤ੍ਰ ਸਜਾ ਕੇ ਹਾਜ਼ਰ ਸਨ, ਪਾਨ ਕਰਾਇਆ ਗਿਆ। ਇਕ ਇਕ ਨੂੰ ਵਾਰੋ ਵਾਰੀ ਬੀਰ-ਆਸਣ ਬਿਠਾ ਕੇ ਅੰਮ੍ਰਿਤ ਦੇ ਪੰਜ ਚੁਲੇ ਮੁਖ ਵਿਚ ਚੋਏ, ਤਾਕਿ ਜੋ "ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ" ਭਾਵ ਜੋ ਚੇਤਨਾ ਸ਼ਕਤੀ ਅੰਦਰ ਸੁਤੀ ਹੋਈ ਹੈ, ਉਸਨੂੰ ਜਗਾਇਆ ਜਾਵੇ। ਜਿਵੇਂ ਨਲਕੇ ਦੀ ਨਾਲ ਪਾਣੀ ਛਡ ਜਾਵੇ ਤਾਂ ਉਪਰੋਂ ਕੁਝ ਪਾਣੀ ਪਾਇਆਂ ਹੇਠਲਾ ਪਾਣੀ ਉਠ ਕੇ ਉਪਰ ਆ ਜਾਂਦਾ ਹੈ। ਫੇਰ ਵਿਚਾਰ-ਸਾਗਰਾਂ ਵਿਚ ਸਦਾ ਲਈ ਚੜ੍ਹਦੀ ਕਲਾ ਦਾ ਵੇਗ ਉਤਪੰਨ ਕਰਨ ਲਈ ਦਸਮ ਦੁਆਰ (ਭਾਵ ਕੇਸਾਂ) ਵਿਚ ਪੰਜ ਵਾਰ ਅੰਮ੍ਰਿਤ ਦਾ ਸਿੰਚਾਰ ਕੀਤਾ। ਫੇਰ ਪੰਜ ਛਟੇ ਮਾਰ ਕੇ ਅੰਮ੍ਰਿਤ ਨੂੰ ਨੈਣਾਂ ਵਿਚ ਸਮੋਇਆ, ਤਾਕਿ "ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ" ਭਾਸੇ। ਇਹ ਚੇਤਨਾ ਪ੍ਰਾਪਤ ਕਰਨ ਦੀ ਪ੍ਰੇਰਨਾ ਬਖ਼ਸ਼ੀ ਕਿ "ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ॥" ਨਾਲ ਹੀ ਸੰਸਾਰੀ ਜੀਵਨ ਨੂੰ ਉਚਾ ਸੁਚਾ ਬਣਾਈ ਰਖਣ ਵਾਸਤੇ ਚਾਰ ਕੁਰਹਿਤਾਂ (ਭਾਵ ਮੰਦ ਕਰਮਾਂ ਦਾ ਤਿਆਗ) ਦਸ ਕੇ ਆਚਰਨ-ਉਚਤਾ ਦੀ ਪ੍ਰੇਰਨਾ ਬਖਸ਼ੀ।

ਇੰਜ ਇਨ੍ਹਾਂ ਪ੍ਰਵਾਨ ਹੋਏ ਪੰਜਾਂ ਨੂੰ ਪਿਆਰਿਆਂ ਦਾ ਪਦ ਬਖਸ਼ ਕੇ ਸੰਸਾਰ ਅੰਦਰ ਅਮਰ ਕਰ ਦਿਤਾ। ਤੇ ਨਾਮ 'ਖ਼ਾਲਸਾ' ਕਹਿ ਕੇ ਨਿਵਾਜਿਆ। ਫ਼ਾਰਸੀ ਵਿਚ 'ਖ਼ਾਲਸਾ' ਉਸ ਜ਼ਮੀਨ ਨੂੰ ਕਹਿੰਦੇ ਹਨ ਜੋ ਸਿੱਧੀ ਸਰਕਾਰੀ ਮਲਕੀਅਤ ਹੋਵੇ, ਭਾਵ ਖ਼ਾਲਸੇ ਦਾ ਸਿੱਧਾ ਸੰਪਰਕ ਅਕਾਲ ਪੁਰਖ ਨਾਲ ਹੈ :—

"ਖ਼ਾਲਸਾ ਅਕਾਲ ਪੁਰਖ ਕੀ ਫ਼ੌਜ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।"

ਖ਼ਾਲਸੇ ਦੀ ਸਿਰਜਨਾ ਦੇ ਦ੍ਰਿਸ਼ ਤੋਂ ਬਾਅਦ ਹਜ਼ਾਰਾਂ ਸੰਗਤਾਂ ਨੇ ਇਕ ਹੋਰ ਅਨੋਖਾ ਕੌਤਕ ਵੇਖਿਆ

www.AKJ.Org

ਕਿ ਆਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਦਾਤਾ ਆਪਣੀ ਹਥੀਂ ਸਜਾਏ ਪੰਜਾਂ ਪਿਆਰਿਆਂ (ਖਾਲਸਾ ਪੰਥ) ਦੇ ਅਗੇ ਹੱਥ ਅਡ ਕੇ ਖੜੇ ਹੋ ਗਏ ਤੇ ਪਾਵਨ ਰਸਨਾ ਤੋਂ ਜਾਚਨਾ ਕੀਤੀ, ਖ਼ਾਲਸਾ ਜੀ, ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ। ਉਸ ਵੇਲੇ ਫੇਰ ਉਸੇ ਤਰ੍ਹਾਂ ਉਨ੍ਹਾਂ ਪੰਜਾਂ ਪਿਆਰਿਆਂ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ 'ਗੋਬਿੰਦ ਰਾਏ' ਜੀ ਨੂੰ ਛਕਾਇਆ ਤੇ ਨਾਮ 'ਗੋਬਿੰਦ ਸਿੰਘ' ਪ੍ਰਚਲਤ ਕੀਤਾ।

'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।'

ਸਾਰੇ ਸੰਸਾਰ ਦਾ ਇਤਿਹਾਸ ਇਹ ਨਹੀਂ ਦਸਦਾ ਕਿ ਕਿਸੇ ਸੰਪ੍ਰਦਾ ਦੇ ਬਾਨੀ, ਪੈਗ਼ੰਬਰ ਜਾਂ ਹਾਦੀ ਨੇ ਆਪਣੇ ਚੇਲਿਆਂ ਨੂੰ, ਆਪਣੀ ਉਮਤ ਨੂੰ ਇਤਨੀ ਵਡਿਆਈ ਦਿਤੀ ਹੋਵੇ, ਜਿਤਨੀ ਕਲਗੀਧਰ ਪਾਤਸ਼ਾਹ ਨੇ ਆਪਣੇ ਖ਼ਾਲਸੇ ਨੂੰ ਬਖਸ਼ੀ ਹੈ ਕਿ—

ਖਾਲਸਾ ਮੇਰੋ ਰੂਪ ਹੈ ਖ਼ਾਸ। ਖਾਲਸੇ ਮਹਿ ਹਉ ਕਰਉ ਨਿਵਾਸ। ਖਾਲਸਾ ਮੇਰੋ ਮੁਖ ਹੈ ਅੰਗ। ਖਾਲਸਾ ਕੇ ਹਉ ਸਦ ਸਦ ਸੰਗ। ਖਾਲਸਾ ਮੇਰੋ ਇਸ਼ਟ ਸੁਹਿਰਦੰ। ਖਾਲਸਾ ਮੇਰੋ ਕਹੀਅਤ ਬਿਰਦ। ਖਾਲਸਾ ਮੇਰੋ ਸਜਣ ਸੂਰਾ। ਖਾਲਸਾ ਮੇਰੋ ਸਤਗੁਰ ਪੂਰਾ। ਖਾਲਸਾ ਮੇਰੋ ਬੁਧ ਅਰੁ ਗਿਆਨ। ਖਾਲਸੇ ਕਾ ਹਉ ਧਰਉ ਧਿਆਨ। ਉਪਮਾ ਖਾਲਸੇ ਜਾਤ ਨ ਕਹੀ। ਜਿਹਵਾ ਏਕ ਪਾਰ ਨਹਿ ਲਹੀ। ਸ਼ੇਸ ਰਸਨ ਸਾਰਦ ਸੀ ਬੁਧਿ। ਤਦਪ ਨ ਉਪਮਾ ਬਰਨਿਤ ਸੁਧਿ। ਯਾ ਮਹਿ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰੂ ਨਾਨਕ ਸਾਖੀ। ਰੋਮ ਰੋਮ ਜਉ ਰਸਨਾ ਪਾਊਂ। ਤਦਪ ਖਾਲਸਾ ਜਸ ਤਹਿ ਗਾਊਂ। ਹਉ ਖਾਲਸੇ ਕਾ ਖਾਲਸਾ ਮੇਰੋ। ਓਤ ਪੋਤ ਸਾਗਰ ਬੂੰਦੇਰੋ। (ਸਰਬ ਲੋਹ ਗ੍ਰੰਥ)

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ। ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ। ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ। ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕ੍ਰੋਰ ਪਰੇ।

ਸਮਰੱਥ ਗੁਰੂ ਜੀ ਨੇ 'ਸਤਿਗੁਰ ਪੂਰਾ' ਕਹਿ ਕੇ ਅਗੋਂ ਵਾਸਤੇ ਅੰਮ੍ਰਿਤ ਛਕਾਣ ਦੀ ਪ੍ਰਵਾਨਗੀ ਹੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਤਿਆਰ ਕਰਨ ਦੀ) ਖਾਲਸਾ ਪੰਥ, ਭਾਵ ਪੰਜਾਂ ਪਿਆਰਿਆਂ ਨੂੰ ਦੇ ਦਿਤੀ।

ਇਤਿਹਾਸ ਗਵਾਹ ਹੈ ਕਿ ਇਸ 'ਖਾਲਸਾ ਪੰਥ' ਭਾਵ ਅੰਮ੍ਰਿਤ-ਧਾਰੀ ਸੂਰਬੀਰਾਂ ਨੇ ਭਾਰਤ ਦਾ ਭਵਿਖ ਹੀ ਉਜਲ ਕਰ ਦਿਤਾ। ਇਹ ਅੰਮ੍ਰਿਤ ਦੀ ਬਰਕਤ ਹੀ ਸੀ ਕਿ ਗੜ੍ਹੀ ਚਮਕੌਰ ਵਿਚ ਚਾਲੀ ਨਿਹੱਥੇ ਸਿੰਘਾਂ ਨੇ ਮੁਗਲਾਂ ਤੇ ਪਹਾੜੀਆਂ ਦੀ ਦਸ਼ ਲਖ ਸੈਨਾ ਦਾ ਸਫਲ ਟਾਕਰਾ ਕੀਤਾ, ਸ਼ਹੀਦੀਆਂ ਪਾ ਗਏ, ਪਰ ਪਿੱਠ ਨਹੀਂ ਵਿਖਾਈ।

ਏਸ ਅੰਮ੍ਰਿਤ ਦੀ ਬਰਕਤ ਨਾਲ ਸਿੰਘ, ਧਰਮ ਦੀ ਸ਼ਮ੍ਹਾ 'ਚ ਜਾਨਾਂ ਨਿਛਾਵਰ ਕਰਨ ਲਈ ਇਤਨੇ ਨਿਡਰ ਤੇ ਬੇਖੌਫ ਹੋ ਗਏ ਕਿ ਉਨ੍ਹਾਂ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਵੀ ਧਰਮ ਨਹੀਂ ਹਾਰਿਆ। ਆਰਿਆਂ ਨਾਲ ਤਨ ਚਿਰਵਾ ਲਏ, ਚਰਖੜੀਆਂ ਤੇ ਚੜ੍ਹ ਕੇ ਸਰੀਰਾਂ ਦੇ ਤੂੰਬੇ ਤੂੰਬੇ ਉਡਵਾ ਲਏ, ਰੰਬੀਆਂ ਨਾਲ ਖੋਪਰੀਆਂ ਉਤਰਵਾਈਆਂ, ਪਰ ਸਿਖੀ ਸਿਦਕ ਵਿਚ ਅਡੋਲ ਰਹੇ। ਮੀਰ ਮੰਨੂੰ ਦੇ ਸਮੇਂ ਅੰਮ੍ਰਿਤ-ਧਾਰੀ ਸਿੰਘਣੀਆਂ ਨੇ ਜਿਵੇਂ ਦਿਲ ਹਿਲਾ ਦੇਣ ਵਾਲੇ ਕਸ਼ਟ ਸਹਾਰੇ, ਸਵਾ ਸਵਾ ਮਣ ਪੀਸਣੇ ਪੀਸੇ, ਖੰਨੀ ਖੰਨੀ ਤੇ ਗੁਜ਼ਾਰਾ ਕੀਤਾ, ਬਚਿਆਂ ਦੀਆਂ ਬੋਟੀਆਂ ਕਰਵਾ ਕੇ, ਆਂਦਰਾਂ ਦੇ ਹਾਰ ਗਲਾਂ ਵਿਚ ਪੁਆਏ, ਪਰ ਸਿੱਖੀ ਆਨ ਸ਼ਾਨ ਨੂੰ ਧੱਬਾ ਨਹੀਂ ਲਗਣ ਦਿਤਾ।

ਏਸੇ ਅੰਮ੍ਰਿਤ ਦੀ ਹੀ ਬਰਕਤ ਸੀ ਜਿਸਨੇ ਬਿਖੜੇ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਿਚ ਵਿਚਰਨ ਦੀ ਪ੍ਰੇਰਨਾ ਬਖਸ਼ੀ। ਜ਼ਾਲਮ ਮੀਰ ਮੰਨੂੰ ਦੇ ਦੀਵਾਨ 'ਲਖਪਤ' ਨੇ ਖਾਲਸੇ ਦਾ ਖੁਰਾ-ਖੋਜ ਮਿਟਾਣ ਦੀ ਬਥੇਰੀ ਵਾਹ ਲਾਈ, ਪਰ ਉਹ ਸਿੰਘਾਂ ਨੂੰ ਖ਼ਤਮ ਨਾ



www.AKJ.Org

ਕਰ ਸਕਿਆ, ਸਗੋਂ ਸਿੰਘ ਅਮਰ ਵੇਲ ਵਾਂਗੂ ਵਧਦੇ ਗਏ। ਉਸ ਸਮੇਂ ਹਰ ਸਿੰਘ ਦਾ ਇਹ ਬੋਲਾ ਸੀ—

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ। ਉਹ ਜਿਉਂ ਜਿਉਂ ਸਾਨੂੰ ਵਢਦਾ, ਅਸੀਂ ਦੂਣੇ ਚਉਣੇ ਹੋਏ।

ਲਿਖਿਆ ਹੈ ਕਿ ਅਪਦਾ ਪਈ ਤੇ ਜਦੋਂ ਸਿਖ ਜੰਗਲਾਂ ਪਹਾੜਾਂ ਵਿਚ ਸਮਾਂ ਗੁਜ਼ਾਰਨ ਲਈ ਨਿਕਲ ਗਏ ਤਾਂ ਮੰਨੂੰ ਨੇ ਫੜ ਮਾਰੀ ਕਿ ਮੈਂ ਸਿਖ ਖ਼ਤਮ ਕਰ ਦਿਤੇ ਹਨ। ਜਦੋਂ ਇਹ ਸੋਅ ਭਾਈ ਬੋਤਾ ਸਿੰਘ ਦੇ ਕੰਨੀਂ ਪਈ ਤਾਂ ਸਿੰਘਪੁਣੇ ਨੇ ਜੋਸ਼ ਮਾਰਿਆ, ਤੇ ਇਕੱਲਾ ਹੀ ਸਲੋਤਰ ਫੜ ਕੇ ਜਰਨੈਲੀ ਸੜਕ ਤੇ ਆ ਖਲੋਤਾ ਅਤੇ ਆਉਂਦੇ ਜਾਂਦੇ ਊਠਾਂ, ਗਡਿਆਂ, ਖੋਤਿਆਂ ਵਾਲਿਆਂ ਤੋਂ ਟੈਕਸ ਉਗਰਾਹੁਣ ਲਗ ਪਿਆ ਤੇ ਮੀਰ ਮੰਨੂੰ ਨੂੰ ਸੰਦੇਸ਼ ਭੇਜਿਆ ਕਿ—

'ਆਇਆ ਹੀ ਸਿੰਘ ਬੋਤਾ।
ਦੋ ਆਨੇ ਗਡਾ ਲੈਂਦਾ, ਇਕ ਟੱਕਾ ਖੋਤਾ'।

ਏਸ ਅੰਮ੍ਰਿਤ ਦੀ ਬਰਕਤ ਨਾਲ ਹੀ ਸਿੰਘਾਂ ਨੇ ਸੀਸ ਤਲੀ ਤੇ ਰਖ ਕੇ ਉਹ ਖੰਡੇ ਵਾਹੇ ਕਿ ਦੁਸ਼ਮਨਾਂ ਦੇ ਛਕੇ ਛੁੱਟ ਗਏ ਤੇ ਕਾਫ਼ੀ ਜਾਨੀ ਨੁਕਸਾਨ ਕਰਵਾ ਕੇ ਵੈਰੀ ਪਿੱਛੇ ਹਟਦੇ ਰਹੇ। ਏਸ ਅੰਮ੍ਰਿਤ ਦੇ ਬਲ ਨਾਲ ਹੀ ਖਾਲਸਾ ਰਾਜ ਸਥਾਪਤ ਹੋਇਆ ਤੇ 'ਹਰੀ ਸਿੰਘ ਨਲੂਆ' ਜਹੇ ਸੂਰਬੀਰਾਂ ਨੇ ਪਿਸ਼ਾਵਰ ਫ਼ਤਹ ਕਰ ਕੇ ਸਦਾ ਲਈ ਪਠਾਣਾਂ ਦਾ ਲੱਕ ਤੋੜ ਦਿਤਾ ਤੇ ਐਸਾ ਦਬਦਬਾ ਬਿਠਾਇਆ ਕਿ ਅਜੇ ਤਕ ਪਠਾਣੀਆਂ ਰੋਂਦੇ ਬੱਚਿਆਂ ਨੂੰ ਚੁਪ ਕਰਾਣ ਲਈ ਕਹਿੰਦੀਆਂ ਸੁਣੀਦੀਆਂ ਹਨ—'ਖ਼ਾਨਾਂ, ਚੁਪ ਸ਼ੌ, ਹਰੀਆ ਰਾਗ਼ਲੇ' (ਪਠਾਣ ਬੱਚੇ ਚੁਪ ਹੋ ਜਾ, ਹਰੀ ਸਿੰਘ (ਨਲੂਆ) ਆ ਰਿਹਾ ਹੈ)।

ਏਸੇ ਅੰਮ੍ਰਿਤ ਦੀ ਪਾਣ ਨੇ ਸਿਖ ਕੌਮ ਨੂੰ ਉਹ ਚੜ੍ਹਦੀ ਕਲਾ ਬਖਸ਼ੀ ਕਿ ਦੇਸ਼-ਵੰਡ ਵੇਲੇ (੧੯੪੭ ਵਿਚ) ਅਨੇਕਾਂ ਸਿੰਘਾਂ ਨੇ ਜਾਨਾਂ ਤਲੀ ਤੇ ਰਖ ਕੇ ਜ਼ਾਲਮਾਂ ਦੇ ਟਾਕਰੇ ਕੀਤੇ ਅਤੇ ਅਨੇਕਾਂ ਸਿੰਘਣੀਆਂ ਨੇ ਖੂਹਾਂ ਵਿਚ ਛਾਲਾਂ ਮਾਰੀਆਂ, ਹਵਨ ਕੁੰਡ ਬਣਾ ਕੇ ਆਪਣੀਆਂ ਜਾਨਾਂ ਦੀਆਂ ਅਹੂਤੀਆਂ ਪਾਈਆਂ, ਪਰ ਧਰਮ ਹਾਰ ਕੇ ਜੀਵਨ ਜੀਣਾ ਪਸੰਦ ਨਾ ਕੀਤਾ। ੧੯੬੨ ਦੀ ਭਾਰਤ-ਚੀਨ ਦੀ ਜੰਗ ਅਤੇ ੧੯੭੧ ਦੀ ਭਾਰਤ-ਪਾਕ ਦੀ ਲੜਾਈ ਸਮੇਂ ਜੋ ਪ੍ਰਸਿਧਤਾ ਸਿਖ ਕੌਮ ਨੇ ਪ੍ਰਾਪਤ ਕੀਤੀ ਹੈ, ਏਸੇ ਅੰਮ੍ਰਿਤ ਦੀ ਤੁਫ਼ੈਲ ਹੀ ਹੈ।

ਪਰ ਜਦੋਂ ਅਸੀਂ ਸਿਖ ਕੌਮ ਦੀ ਅਜੋਕੀ ਦਸ਼ਾ ਵਲ ਧਿਆਨ ਮਾਰਦੇ ਹਾਂ ਤਾਂ ਬੜੀ ਨਿਰਾਸਾ ਹੁੰਦੀ ਹੈ। ਕੌਮ ਦੇ ਨੌਜੁਆਨ ਦਿਨ ਪ੍ਰਤਿ ਦਿਨ ਏਸ ਰਾਹ ਤੋਂ ਗੁਮਰਾਹ ਹੁੰਦੇ ਜਾ ਰਹੇ ਹਨ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਤਾਂ ਪਾਸੇ ਰਹੀ, ਉਹ ਸਾਬਤ ਸੂਰਤ ਨੂੰ ਵੀ ਵਿਗਾੜੀ ਜਾ ਰਹੇ ਹਨ। ਉਹ ਸਾਹਿਬ ਕਲਗੀਧਰ ਪਾਤਸ਼ਾਹ ਜੀ ਦਾ ਇਹ ਫ਼ੁਰਮਾਨ—

'ਕੇਸ ਧਰੇ ਪਾਹੁਲ ਬਿਨਾ ਭੇਖੀ ਮੂਰਖ ਸਿਖ।
ਮੇਰਾ ਦਰਸ਼ਨ ਨਾਹਿ ਤਿਸੁ, ਪਾਪੀ ਤਿਆਗੈ ਸਿਖ'। ਸੁਣਨ ਨੂੰ ਵੀ ਤਿਆਰ ਨਹੀਂ। ਉਹ ਇਹ ਨਹੀਂ ਸਮਝਦੇ ਕਿ ਗੁਰਬਾਣੀ ਫੁਰਮਾ ਰਹੀ ਹੈ—

"ਗੁਰ ਕਹਿਆ ਸਾ ਕਾਰ ਕਮਾਵਹੁ।"

ਗੁਰੂ ਦਸਮੇਸ਼ ਜੀ ਦਾ ਹੁਕਮ ਹੈ ਅੰਮ੍ਰਿਤ ਪਾਨ ਕਰ ਕੇ ਕੁਰਹਿਤਾਂ ਤੋਂ ਬਚੋ ਤੇ ਗੁਰਮਤਿ ਅਸੂਲਾਂ, ਭਾਵ ਅੰਮ੍ਰਿਤ-ਦਾਤਾ ਜੀ ਵਲੋਂ ਥਾਪੇ ਪੰਜਾਂ ਪਿਆਰਿਆਂ ਦੀ ਦੱਸੀ ਰਹਿਤ ਅਨੁਸਾਰ ਜੀਵਨ ਬਿਤਾਉ। ਰਹਿਨਾਮਿਆਂ ਵਿਚ ਫ਼ੁਰਮਾਨ ਹੈ—

(ੳ) ਰਹਿਤ ਪਿਆਰੀ ਮੁਝ ਕੋ, ਸਿਖ ਪਿਆਰਾ ਨਾਹਿ।

(ਅ) ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈ ਉਸ ਕਾ ਚੇਰਾ।

(ੲ) ਰਹਿਤ ਬਿਨਾਂ ਨਾ ਸਿਖ ਕਹਾਵੈ।

(ਭਾ: ਦੇਸਾ ਸਿੰਘ)

ਦਸਮੇਸ਼ ਜੀ ਦੇ ਨਿਕਟਵਰਤੀ ਸਿੰਘਾਂ ਭਾਈ ਚੌਪਾ ਸਿੰਘ, ਭਾਈ ਦਇਆ ਸਿੰਘ, ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ, ਜੋ ਪੰਥ ਵਿਚ ਪ੍ਰਵਾਨ ਹਨ, ਪੜ੍ਹ ਕੇ ਵਿਚਾਰੀਏ ਤਾਂ ਗੁਰਸਿਖ ਦਾ ਅੰਮ੍ਰਿਤ ਪਾਨ ਕਰਨ ਤੋਂ ਵਿਰਵਾ ਜੀਵਨ ਸਿਖੀ ਜੀਵਨ, ਨਹੀਂ ਅਖਵਾ


www.AKJ.Org

ਸਕਦਾ। ਸਭ ਕੁਝ ਜਾਣਦਿਆਂ ਹੀ ਕਿ—

"ਪ੍ਰਥਮ ਰਹਿਤ ਏਹ ਜਾਨ ਖੰਡੇ ਕੀ ਪਾਹੁਲ
ਛਕੇ। ਸੋਈ ਸਿੰਘ ਸੁਜਾਨ ਅਵਰ ਨ ਪਾਹੁਲ
ਜੋ ਲਏ। (ਭਾ: ਦੇਸਾ ਸਿੰਘ)

ਸਿਖ ਅੰਮ੍ਰਿਤ ਦੀ ਦਾਤ ਲੈਣ ਤੋਂ ਝਿਜਕਦੇ ਤੇ ਡਰਦੇ ਹਨ। ਅਨੇਕਾਂ ਸਿੰਘ ਐਸੇ ਹਨ ਜਿਨ੍ਹਾਂ ਦੇ ਅੰਦਰ ਰਹਿਤ ਰਖਣ ਦੀ ਭਾਵਨਾ ਵੀ ਮੌਜੂਦ ਹੈ, ਕੇਵਲ ਅੰਮ੍ਰਿਤ ਪਾਨ ਕਰਨ ਦੀ ਲੋੜ ਹੈ। ਜੇਕਰ ਉਹ ਵੀਚਾਰ ਕਰਨ ਤਾਂ ਸਮਝ ਸਕਦੇ ਹਨ ਕਿ—

(ੳ) ਕੇਸ ਤਾਂ ਕੁਦਰਤੀ ਦਾਤ ਸੁਤੇ ਸਿਧ ਹੀ ਉਨ੍ਹਾਂ ਅਪਨਾਏ ਹੋਏ ਹਨ, ਉਨ੍ਹਾਂ ਦੀ ਸੰਭਾਲ ਲਈ ਕੇਸਕੀ ਦੀ ਲੋੜ ਹੈ।

(ਅ) ਕੜਾ, ਜੋ ਹਰ ਸਿਖ ਦੇ ਹਥ ਵਿਚ ਸੁਭਾਇਮਾਨ ਹੈ।

(ੲ) ਕੰਘਾ, ਜੋ ਕੇਸਾਂ ਦੀ ਸੰਭਾਲ ਸਫ਼ਾਈ ਲਈ ਹਰ ਸਿੰਘ ਦੇ ਪਾਸ ਰਹਿੰਦਾ ਹੈ।

(ਸ) ਕਛਹਿਰਾ ਰੇਬਦਾਰ, ਜੋ ਸਵਾ ਡੇਢ ਗਜ਼ ਨਾਲ ਚੰਗਾ ਬਣ ਜਾਂਦਾ ਹੈ, ਇਹ ਆਚਰਨ ਉਚਤਾ ਦਾ ਪ੍ਰਤੀਕ ਹੈ ਤੇ ਗੋਡਿਆਂ ਤਕ ਕਛਹਿਰਾ ਬਿਨਾਂ ਪਜਾਮਾ ਵੀ ਸੋਹਣਾ ਲਗਦਾ ਹੈ। ਜੇ ਪੌਣੇ ਕੁ ਗਜ਼ ਦੀ ਕਛ ਪਹਿਨੀ ਜਾ ਸਕਦੀ ਹੈ ਤਾਂ ਏਸ ਗੁਰੂ-ਦੱਸੀ ਰਹਿਤ ਅਨੁਸਾਰ ਬਣਿਆ ਕਛਹਿਰਾ ਵਾਧੂ ਬੋਝਲ ਨਹੀਂ ਹੁੰਦਾ। ਨਾਲੇ ਇਹੋ ਗੁਰੂ ਦਾ ਹੁਕਮ ਹੈ।

(ਹ) ਕ੍ਰਿਪਾਨ, ਜੋ ਸ੍ਵੈ-ਰਖਿਆ ਲਈ ਚੰਗਾ ਹਥਿਆਰ ਹੈ, ਇਹ ਸਰੀਰ ਦੇ ਅੰਗ ਸੰਗ ਰਹਿਣੀ ਜ਼ਰੂਰੀ ਹੈ। ਦਸਮ ਪਿਤਾ ਨੇ ਸਾਰੇ ਹੋਰ ਸ਼ਸਤ੍ਰਾਂ ਨਾਲ ਇਸਨੂੰ ਵੀ ਨਮਸਕਾਰ ਕੀਤੀ ਹੈ—

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ
ਅਰ ਤੀਰ। ਸੈਫ਼ ਸਰੋਹੀ ਸੈਹਥੀ ਯਹੀ
ਹਮਾਰੇ ਪੀਰ।

ਗੁਰੂ ਪਾਤਸ਼ਾਹ ਤਾਂ (ਸ਼ਸਤ੍ਰ) ਕ੍ਰਿਪਾਨ-ਹੀਨ ਸਿਖ ਦਾ ਦਰਸ਼ਨ ਵੀ ਨਹੀਂ ਕਰਨਾ ਚਾਹੁੰਦੇ—

ਇਹੈ ਮੋਰ ਆਗਿਆ ਸੁਨੋ ਹੇ ਪਿਆਰੇ।
ਬਿਨਾ ਤੇਗ ਕੇਸੰ ਦਿਉ ਨਾ ਦੀਦਾਰੇ।
ਗੁਰ ਬਿਲਾਸ (ਭਾ: ਸੁਖਾ ਸਿੰਘ)

ਕਛ ਕ੍ਰਿਪਾਨ ਨ ਕਬਹੂ ਤਿਆਗੈ।
(ਭਾ: ਦੇਸਾ ਸਿੰਘ ਜੀ)

ਸ਼ਸਤ੍ਰ-ਹੀਣ ਨੂੰ ਭੇਡ ਰੂਪ ਦਸਿਆ ਹੈ—

ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾ ਕੇ ਕਿਤੇ ਲੈ ਸਿਧਾਨੋ।
(ਭਾ: ਚੋਪਾ ਸਿੰਘ ਜੀ)

ਅੰਮ੍ਰਿਤ ਪਾਨ ਕਰ ਕੇ ਹੀ ਸਿਖ ਨਿਗੁਰੇ ਤੋਂ ਸਗੁਰਾ ਬਣ ਸਕਦਾ ਹੈ, ਤੇ ਗੁਰੂ ਦੀ ਖ਼ੁਸ਼ੀ ਦਾ ਪਾਤਰ ਬਣ ਕੇ 'ਲੋਕ ਸੁਖੀ ਪਰਲੋਕ ਸੁਹੇਲਾ' ਹੋਣ ਦਾ ਮਾਣ ਪ੍ਰਾਪਤ ਕਰਨ ਦਾ ਹੱਕਦਾਰ ਹੈ। ਭਾਵੇਂ ਸਮੇਂ ਦੇ ਵਾਤਾ-ਵਰਨ ਅਨੁਸਾਰ ਹਰ ਬੱਚੇ ਬੱਚੀ ਦੇ ਜਨਮ ਲੈਣ ਤੇ ਨਾਮ ਸੰਸਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਅਨੁਸਾਰ ਤਜਵੀਜ਼ ਕਰ ਕੇ, ਨਾਂ ਦੇ ਨਾਲ ਸ਼ਬਦ 'ਸਿੰਘ' ਜਾਂ 'ਕੌਰ' ਲਾ ਦਿਤਾ ਜਾਂਦਾ ਹੈ, ਪਰ ਅਸਲ ਵਿਚ 'ਸਿੰਘ' ਜਾਂ 'ਕੌਰ' ਉਹ ਉਦੋਂ ਹੀ ਅਖਵ੍ਹਾ ਸਕਣ ਦੇ ਹੱਕਦਾਰ ਹਨ ਜਦੋਂ ਉਹ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੰਘ-ਬਾਣੇ (ਭਾਵ ਕ੍ਰਿਪਾਨਧਾਰੀ ਬਾਣੇ) ਵਿਚ ਹੋਣਗੇ।

ਗੁਰਸਿਖੋ, ਨੌਜੁਆਨੋ, ਤੁਹਾਡਾ ਜਨਮ-ਦਿਨ ਵੈਸਾਖੀ ਨੇੜੇ ਹੈ, ਕਮਰਕਸੇ ਕਰੋ ਤੇ ਗੁਰੂ ਵਰੋਸਾਇ ਪੰਜਾਂ ਪਿਆਰਿਆਂ, ਸਿਮਰਨ ਕਮਾਈ ਵਾਲੇ ਮਹਾਂ ਪੁਰਖਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਜਨਮ ਸਫਲ ਕਰੋ।

---

**ਜ਼ਰੂਰੀ ਸੂਚਨਾ**—ਦੂਖ ਨਿਵਾਰਨ ਸਾਹਿਬ ਪਟਿਆਲਾ ਸਮਾਗਮ ੨੮-੨੯ ਫ਼ਰਵਰੀ ਸਮੇਂ ਕਿਸੇ ਸਜਣ ਦੇ ਸੈਂਕੜੇ ਰੁਪਏ ਡਿਗੇ ਮਿਲੇ ਹਨ। ਉਹ ਸਜਣ ਹੇਠ ਲਿਖੇ ਪਤੇ ਤੇ ਵੇਰਵਾ ਦਸ ਕੇ ੧੫-੪-੭੬ ਤੋਂ ਪਹਿਲਾਂ ਲੈ ਲਵੇ, ਨਹੀਂ ਤਾਂ ਇਸ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਭਵਨ ਅੰਬਾਲਾ ਨੂੰ ਭੇਜ ਦਿਤੇ ਜਾਣਗੇ।

**ਸ: ਹਰਭਜਨ ਸਿੰਘ, ਸੰਤ ਮਕੈਨੀਕਲ ਵਰਕਸ, ਭਗਵਾਨ ਚੌਂਕ, ਲੁਧਿਆਣਾ**



www.AKJ.Org

# ਖਾਲਸਾ ਪੰਥ ਦੀ ਸਾਜਨਾ

[ਵਲੋਂ—ਗਿਆਨੀ ਕੁੰਭੇਰ ਸਿੰਘ ਜੀ, ਫ਼ੀਰੋਜ਼ਪੁਰ ਛਾਉਣੀ]

ਸੰਮਤ ੧੭੫੬ ਬਿਕ੍ਰਮੀ ਦੀ ਵਿਸਾਖੀ ਦਾ ਸ਼ੁਭ ਦਿਹਾੜਾ ਭਾਗਾਂ ਭਰਿਆ ਚੜ੍ਹਿਆ ਸੀ ਜਦੋਂ ਕਿ ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਦੇ ਕੇਸਗੜ੍ਹ ਵਾਲੇ ਪਾਵਨ ਅਸਥਾਨ ਤੇ ਲਖਾਂ ਸਿਖ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਨ ਕਰ ਕੇ ਸੀਸ ਭੇਟ ਕਰਨ ਦੀ ਮੰਗ ਕੀਤੀ ਸੀ, ਸੀਸ ਭੇਟ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਮਰਨ ਲਈ ਕਿਸ ਦਾ ਜੀਅ ਕਰਦਾ ਹੈ! ਗੁਰਦੇਵ ਜੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ :—

ਜਗਿ ਮਰਣੁ ਨ ਭਾਇਆ, ਨਿਤ ਆਪੁ
ਲੁਕਾਇਆ, ਮਤ ਜਮੁ ਪਕਰੈ ਲੈ ਜਾਇ
ਜੀਉ ॥ [ਆਸਾ ਮ: ੪, ਪੰ: ੪੪੭

ਹਰ ਕੋਈ ਮੌਤ ਤੋਂ ਡਰਦਾ ਹੈ। ਪਰ ਜਦ ਤਾਈਂ ਮੌਤ ਦਾ ਡਰ ਰਹਿੰਦਾ ਹੈ ਤਦ ਤਾਈਂ ਨਿਰਭੈ-ਪਦ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਇਹ ਮੌਤ ਦੇ ਭੈ ਦਾ ਕਾਰਨ ਹੀ ਸੀ ਜਿਸ ਕਰਕੇ ਕਰੋੜਾਂ ਦੀ ਗਿਣਤੀ ਵਿਚ ਹੁੰਦੇ ਹੋਏ ਵੀ ਭਾਰਤੀ, ਗ਼ੁਲਾਮੀ ਦੀਆਂ ਜ਼ੰਜੀਰਾਂ ਨਾਲ ਜਕੜੇ ਪਏ ਸਨ। ਬਾਹਰੋਂ ਆਏ ਮੁਠੀ ਭਰ ਮੁਗ਼ਲ ਇਨ੍ਹਾਂ ਤੇ ਹਕੂਮਤ ਕਰ ਰਹੇ ਸਨ।

ਗੁਰੂ ਜੀ ਨੇ ਇਸ ਵਿਸਾਖੀ ਦੇ ਦਿਨ ਮਨੁੱਖ ਜਾਤੀ ਦੀ ਕਲਿਆਨ ਹਿਤ ਆਤਮਿਕ, ਸਰੀਰਕ ਤੇ ਸਮਾਜਕ ਸੁਤੰਤ੍ਰਤਾ ਦੀ ਪ੍ਰਾਪਤੀ ਲਈ ਨਿਰਭੈਤਾ ਅਤੇ ਬੀਰਤਾ ਦੀ ਅਦੁੱਤੀ ਤੇ ਇਲਾਹੀ ਦਾਤ ਦਾ ਅਤੁੱਟ ਭੰਡਾਰਾ ਖੋਲ੍ਹਿਆ ਸੀ। ਉਸ ਦਿਨ ਗੁਰੂ ਪਾਤਸ਼ਾਹ ਦੇ ਉਚੇਚੇ ਭੇਜੇ ਸੱਦੇ ਅਨੁਸਾਰ ਭਾਰਤ ਦੇ ਕੋਨੇ ਕੋਨੇ ਤੋਂ ਆ ਕੇ ਸੰਗਤਾਂ ਜੁੜੀਆਂ ਹੋਈਆਂ ਸਨ। ਜਿਨ੍ਹਾਂ ਵਡਭਾਗਿਆਂ ਨੇ ਦਿਲ ਕਢਿਆ ਤੇ ਗੁਰੂ ਜੀ ਨੂੰ ਸਿਰ ਅਰਪਣ ਕਰਨਾ ਕਬੂਲ ਕਰ ਲਿਆ ਉਹ ਇਸ ਇਲਾਹੀ ਦਾਤ ਨੂੰ ਪ੍ਰਾਪਤ ਕਰ ਕੇ ਅਮਰ ਅਤੇ ਨਿਰਭੈ ਯੋਧੇ ਬਣ ਗਏ। ਉਨ੍ਹਾਂ ਦੇ ਜੀਵਨ ਵਿਚ ਅਜਿਹਾ ਅਸਚਰਜਤਾ ਭਰਿਆਂ ਪਲਟਾ ਆਇਆ ਕਿ ਉਹ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਵਿਚਰਨ ਲਗੇ, ਆਪਣੇ ਆਪ ਨੂੰ ਸੁਤੰਤਰ ਸਮਝਣ ਲਗੇ। ਜ਼ਾਲਮ ਤੇ ਜਾਬਰ ਮੁਗ਼ਲ ਹਕੂਮਤ ਤੋਂ ਉਹ ਬੇ-ਮੁਹਤਾਜ ਤੇ ਬੇਪ੍ਰਵਾਹ ਹੋ ਗਏ ਤੇ ਗੁਰੂ ਜੀ ਦੇ ਹੁਕਮ ਵਿਚ ਰਹਿ ਕੇ ਜ਼ੁਲਮ, ਧੱਕੇ ਅਤੇ ਅਨਿਆਏ ਦੇ ਵਿਰੁੱਧ ਸਿਰਾਂ ਨੂੰ ਤਲੀਆਂ ਤੇ ਰਖ ਕੇ ਡੱਟ ਗਏ।

ਪਹਿਲੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਦੇ ਫਲ-ਸਰੂਪ ਕਈ ਵਡਭਾਗੀ ਗੁਰਸਿਖ ਨਿਰਭੈ ਪਦਵੀ ਨੂੰ ਪਹਿਲੇ ਹੀ ਪ੍ਰਾਪਤ ਹੋ ਚੁਕੇ ਸਨ, ਕਿਉਂਕਿ ਉਹ ਤਨ, ਮਨ, ਧਨ ਗੁਰੂ ਅਰਪਣ ਕਰ ਚੁਕੇ ਸਨ। ਉਨ੍ਹਾਂ ਨੇ ਨਿਮਨ ਲਿਖਤ ਗੁਰ-ਪਰਮਾਣਾਂ ਅਨੁਸਾਰ ਇਹੋ ਦ੍ਰਿੜ੍ਹ ਕੀਤਾ ਹੋਇਆ ਸੀ ਕਿ :—

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ
ਸੁਆਮੀ ਪ੍ਰਭੁ ਮੇਰਾ ॥ ਜੀਉ ਪਿੰਡੁ ਸਭੁ ਰਾਸਿ
ਤੁਮਾਰੀ, ਤੇਰਾ ਜੋਰੁ ਗੋਪਾਲਾ ਜੀਉ ॥੧॥
[ਮਾਝ ਮ: ੫, ਪੰ: ੧੦੬

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥ [ਅਨੰਦ ਸਾਹਿਬ

ਉਨ੍ਹਾਂ ਨੇ ਮਨ ਕਰਕੇ "ਮਰਣ" ਕਬੂਲ ਕਰ ਲਿਆ ਹੋਇਆ ਸੀ, ਤੇ ਇਸ ਤਰ੍ਹਾਂ ਕਰ ਕੇ ਗੁਰੂ ਦੇਵ ਜੀ ਦੀ ਇਸ ਪਾਵਨ ਸਿਖਿਆ ਤੇ ਅਮਲ ਕਰ ਕੇ ਫੁਲ ਚੜ੍ਹਾਏ ਸਨ ਕਿ :—

ਪਹਿਲਾ ਮਰਣੁ ਕਬੂਲਿ, ਜੀਵਣ ਕੀ
ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾਂ,
ਤਉ ਆਉ ਹਮਾਰੈ ਪਾਸਿ ॥ ੧॥
[ਸਲੋਕ ਮ: ੫, ਪੰ: ੧੧੦੨

ਉਹ ਗੁਰੂ-ਹੁਕਮ ਅਨੁਸਾਰ ਧਰਮ ਤੇ ਕੁਰਬਾਨ ਹੋਣ ਲਈ ਹਰ ਵਕਤ ਤਿਆਰ ਰਹਿੰਦੇ ਸਨ। ਉਹ ਧਰਮ-ਰਖਿਆ ਲਈ ਕੁਰਬਾਨ ਹੋਣ ਦੀ ਦ੍ਰਿੜ੍ਹਤਾ ਅਤੇ ਨਿਰਭੈਤਾ ਦੇ ਅਮਲੀ ਸਬੂਤ ਪਹਿਲੇ ਵੀ ਕਈ ਵਾਰ ਦੇ ਚੁਕੇ ਸਨ। ਉਨ੍ਹਾਂ ਨੂੰ ਇਮਤਿਹਾਨਾਂ ਦੇ


www.AKJ.Org

ਕਠਿਨ ਤੋਂ ਕਠਿਨ ਪਰਚੇ ਪੈਂਦੇ ਰਹੇ। ਪਰ ਵਾਹ! ਵਾਹ!! ਧੰਨ ਗੁਰੂ ਕੇ ਸਿਖ, ਉਹ ਇਨ੍ਹਾਂ ਕਠਿਨ ਤੋਂ ਕਠਿਨ ਪਰੀਖਿਆਵਾਂ ਵਿਚੋਂ ਵੀ ਸਫਲ ਹੋ ਕੇ ਚਮਕਦੇ ਰਹੇ। ਮਿਸਾਲ ਵਜੋਂ ਧਿਆਨ ਮਾਰੋ ਗੁਰੂ ਹਰਿ ਗੋਬਿੰਦ ਜੀ ਦੇ ਮੁਗ਼ਲਾਂ ਦੀਆਂ ਸ਼ਾਹੀ ਫ਼ੌਜਾਂ ਨਾਲ ਯੁਧਾਂ ਵਿਚ ਸਿਖਾਂ ਦੀਆਂ ਲਾ-ਮਿਸਾਲ ਬਹਾਦਰੀਆਂ। ਭਾਈ ਦਿਆਲੇ ਤੇ ਭਾਈ ਮਤੀ ਦਾਸ ਜੀ ਦੀਆਂ ਦੁਨੀਆ ਨੂੰ ਦੰਗ ਕਰ ਦੇਣ ਵਾਲੀਆਂ ਸ਼ਹੀਦੀਆਂ। ਦਸਮੇਸ਼ ਜੀ ਦੀ ਕਮਾਨ ਹੇਠ ਭੰਗਾਣੀ ਅਤੇ ਨਾਦੌਨ ਦੇ ਯੁਧਾਂ ਵਿਚ ਵੀ ਗੁਰੂ ਜੀ ਦੇ ਸ਼ਰਧਾਲੂ ਸਿਖਾਂ ਨੇ ਬਹਾਦਰਾਨਾ ਕਾਰਨਾਮੇ ਦਿਖਾ ਕੇ ਵੈਰੀ-ਦਲਾਂ ਨੂੰ ਭਾਜੜਾਂ ਪਾਈਆਂ।

ਪਰ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਸਿਖਾਂ ਵਿਚ ਇਕ ਵਿਸ਼ੇਸ਼ ਤੇ ਵਿਲੱਖਣ ਪਰੀਵਰਤਨ ਲਿਆਂਦਾ ਸੀ। ਉਹ ਸ਼ਸ਼ਤ੍ਰ-ਧਾਰੀ ਖ਼ਾਲਸੇ ਸਜ ਗਏ। ਉਨ੍ਹਾਂ ਵਾਸਤੇ ਖੰਡੇ ਦਾ ਅੰਮ੍ਰਿਤ ਛਕਣਾ ਲਾਜ਼ਮੀ ਕੀਤਾ ਗਿਆ। ਹਰੇਕ ਸਿਖ ਮਾਈ ਭਾਈ ਲਈ ਪੰਜਾਂ ਕਕਾਰਾਂ ਦੀ ਰਹਿਤ ਜ਼ਰੂਰੀ ਕਰਾਰ ਦਿਤੀ ਗਈ। ਇਸ ਤਰ੍ਹਾਂ ਨਾਲ ਸਿਖ ਇਕ ਜਥੇਬੰਦੀ ਵਿਚ ਇਕੱਠੇ ਹੋ ਗਏ। ਜੋ ਖਾਲਸਾ ਪੰਥ ਦੇ ਰੂਪ ਵਿਚ ਪਰਗਟ ਹੋਏ। ਐਸੇ ਖਾਲਸੇ ਕਿ ਜੋ ਗੁਰੂ ਅਕਾਲ ਪੁਰਖ ਦੀ ਫ਼ੌਜ ਵੀ ਸੀ ਤੇ ਆਤਮਿਕ ਜੀਵਨ ਜੀਣ ਵਾਲੇ ਸਚੇ ਸੰਤ ਵੀ ਸਨ। ਉਸ ਦਿਨ ਤੋਂ ਗੁਰੂ ਜੀ ਨੇ ਅਗੇ ਵਾਸਤੇ ਖੰਡੇ ਦੇ ਅੰਮ੍ਰਿਤ ਦੀ ਮਰਯਾਦਾ ਕਾਇਮ ਕਰ ਦਿਤੀ ਅਤੇ ਹਮੇਸ਼ਾ ਵਾਸਤੇ ਖਾਲਸਾ ਪੰਥ ਕਾਇਮ ਕਰ ਦਿਤਾ, ਜੋ ਗੁਰੂ ਜੀ ਦੇ ਦਰਸਾਏ ਆਦਰਸ਼ਾਂ ਲਈ ਜੂਝਦਾ ਰਿਹਾ ਹੈ ਅਤੇ ਅਗੇ ਵੀ ਇਨ੍ਹਾਂ ਆਦਰਸ਼ਾਂ ਤੇ ਕਾਇਮ ਰਹੇਗਾ। ਅਜਿਹੇ ਸੂਰਬੀਰ ਖਾਲਸੇ ਦੀ ਸਾਜਨਾ ਗੁਰੂ ਜੀ ਨੇ ਕਿਵੇਂ ਕੀਤੀ?

ਇਸ ਦਾ ਸੰਖੇਪ ਵਰਨਣ ਇਸ ਪਰਕਾਰ ਹੈ ਕਿ ਇਸ ਦਿਨ, ਭਾਵ ਸੰਮਤ ੧੭੫੬ ਬਿਕ੍ਰਮੀ ਦੇ ਵਿਸਾਖੀ ਵਾਲੇ ਦਿਨ ਗੁਰੂ ਦਸਮੇਸ਼ ਜੀ ਨੇ ਭਰੇ ਦੀਵਾਨ ਵਿਚ ਮਿਆਨ ਵਿਚ ਬਿਜਲੀ ਵਾਂਗ ਲਿਸ਼ਕਦੀ ਸ੍ਰੀ ਸਾਹਿਬ (ਕਿਰਪਾਨ) ਕਢ ਕੇ, ਗਰਜਵੀਂ ਅਵਾਜ਼ ਵਿਚ ਸਿਖਾਂ ਨੂੰ ਮੁਖ਼ਾਤਬ ਹੋ ਕੇ ਲਲਕਾਰਿਆ ਕਿ ਮੈਨੂੰ ਗੁਰੂ ਕੇ ਪਿਆਰੇ ਸਿਖ ਦੇ ਸਿਰ ਦੀ ਲੋੜ ਹੈ। ਕੋਈ ਉਠੇ ਤੇ ਆ ਕੇ ਆਪਣਾ ਸੀਸ ਭੇਟ ਕਰੇ। ਗੁਰੂ ਜੀ ਦੀ ਇਸ ਅਨੋਖੀ ਲਲਕਾਰ ਨੂੰ ਸੁਣ ਕੇ ਸੰਗਤ ਵਿਚ ਸੱਨਾਟਾ ਛਾ ਗਿਆ। ਗੁਰੂ ਜੀ ਨੇ ਫਿਰ ਦੋ ਵਾਰ ਇਹੋ ਮੰਗ ਕੀਤੀ ਤਾਂ ਲਾਹੌਰ ਦੇ ਭਾਈ ਦਇਆ ਰਾਮ ਖਤਰੀ ਨੇ ਮਨ ਵਿਚ ਵਿਚਾਰ ਕੀਤੀ ਕਿ ਐ ਦਇਆ ਰਾਮ! ਅਜਿਹਾ ਸਮਾਂ ਮੁੜ ਨਹੀਂ ਆਉਣਾ, ਜੁ ਸਤਿਗੁਰ ਦੇ ਕੰਮ ਤੇਰਾ ਸਿਰ ਆਵੇ।

ਐਸੋ ਸਮੋ ਨਹੀਂ ਪੁਨ ਆਵੈ। ਸਤਿਗੁਰ ਕਾਜ
ਸੀਸ ਤੁਵ ਆਵੈ। [ਸੂਰਜ ਪ੍ਰਕਾਸ਼

ਇਹ ਵਿਚਾਰ ਕੇ ਗੁਰੂ ਜੀ ਦੇ ਸਨਮੁਖ ਆ ਕੇ ਗੁਰੂ ਜੀ ਨੂੰ ਦੋਵੇਂ ਹਥ ਜੋੜ ਕੇ ਸਿਰ ਅਰਪਣ ਕਰ ਦਿਤਾ:—

ਬਿਨਤੀ ਭਨੀ ਜੋਰ ਜੁਗ ਕਰ ਕੋ। ਲੀਜਹਿ
ਸਤਿਗੁਰ ਮੇਰੇ ਸਿਰ ਕੋ। [ਸੂਰਜ ਪ੍ਰਕਾਸ਼

ਉਸ ਦੀ ਇਹ ਬੇਨਤੀ ਸੁਣ ਕੇ ਗੁਰੂ ਜੀ ਉਸ ਨੂੰ ਬਾਹੋਂ ਫੜ ਕੇ ਨੇੜੇ ਹੀ ਇਕ ਤੰਬੂ ਵਿਚ ਲੈ ਗਏ। ਬਾਹਰੋਂ ਸੰਗਤ ਨੇ ਤਲਵਾਰ ਦੇ ਵਾਰ ਹੋਣ ਦਾ ਖੜਾਕ ਸੁਣਿਆ ਤੇ ਖ਼ੂਨ ਤੰਬੂ ਤੋਂ ਬਾਹਰ ਆਉਂਦਾ ਤੱਕਿਆ। ਕੁਝ ਸਮੇਂ ਬਾਅਦ ਗੁਰੂ ਜੀ ਖ਼ੂਨ ਨਾਲ ਲਿਬੜੀ ਕਿਰਪਾਨ ਹੱਥ ਵਿਚ ਫੜੀ ਬਾਹਰ ਦੀਵਾਨ ਵਿਚ ਆਏ ਤੇ ਮੁੜ ਅਗੇ ਵਾਂਗ ਇਕ ਹੋਰ ਸਿਰ ਦੀ ਮੰਗ ਕੀਤੀ। ਇਸ ਤਰ੍ਹਾਂ ਤੀਸਰੀ ਵਾਰ ਜਦ ਗੁਰੂ ਜੀ ਨੇ ਐਲਾਨ ਕੀਤਾ ਤਾਂ ਇਕ ਹੋਰ ਮਰਜੀਵੜਾ ਗੁਰ-ਸਿਖ, ਭਾਈ ਧਰਮ ਦਾਸ ਜੱਟ ਹਸਤਨਾਪੁਰ (ਦਿਲੀ) ਦੇ ਵਾਸੀ ਨੇ ਗੁਰੂ ਜੀ ਅਗੇ ਆ ਕੇ ਦੋਵੇਂ ਹੱਥ ਜੋੜ ਸਿਰ ਝੁਕਾਇਆ ਤੇ ਇਸ ਪ੍ਰਕਾਰ ਬੇਨਤੀ ਕੀਤੀ:—

ਕਹਯੋ ਨਿਸੰਕ ਜੋਰ ਜੁਗ ਕਰ ਕੋ। ਲਿਹੁ
ਸਤਿਗੁਰ ਜੀ ਮੇਰੇ ਸਿਰ ਕੋ। [ਸੂਰਜ ਪ੍ਰਕਾਸ਼

ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ। ਤੇ ਅਗੇ ਵਾਂਗ ਸੰਗਤ ਨੇ ਤਲਵਾਰ ਚਲਣ ਦੀ ਅਵਾਜ਼ ਸੁਣੀ ਅਤੇ ਤੰਬੂ ਵਿਚੋਂ ਲਹੂ ਦੀ ਧਾਰ ਹੋਰ ਅਗੇ


www.AKJ.Org

ਵਧਦੀ ਦੇਖੀ। ਗੁਰੂ ਜੀ ਫਿਰ ਲਹੂ ਨਾਲ ਲੱਥ ਪੱਥ ਹੋਈ ਕਿਰਪਾਨ ਫੜੀ ਦੀਵਾਨ ਵਿਚ ਆ ਗਏ ਤੇ ਇਕ ਹੋਰ ਸਿਖ ਦੀ ਮੰਗ ਅਗੇ ਵਾਂਗ ਕੀਤੀ। ਇਸ ਵਾਰ ਭਾਈ ਮੁਹਕਮ ਚੰਦ ਛੀਂਬਾ ਦਵਾਰਕਾ ਦਾ ਵਸਨੀਕ ਉਠਿਆ ਤੇ ਗੁਰੂ ਜੀ ਦੇ ਸਨਮੁਖ ਆ ਕੇ ਸੀਸ ਭੇਟ ਕਰਦਿਆਂ ਇਸ ਤਰ੍ਹਾਂ ਬੇਨਤੀ ਕੀਤੀ :—

ਕਹਿਨਿ ਲਗਯੋ ਲੀਜੈ ਸਿਰ ਮੋਹੀ। ਕੀਜਹਿ
ਛਿਮਾਂ ਬਿਲੰਬ ਜੁ ਹੋਹੀ। [ਸੂਰਜ ਪ੍ਰਕਾਸ

ਕਿ ਹੇ ਗੁਰੂ ਜੀ! ਮੇਰਾ ਸਿਰ ਪ੍ਰਵਾਨ ਕਰੋ ਤੇ ਮੈਥੋਂ ਜੋ ਦੇਰ ਹੋ ਗਈ ਹੈ ਉਸ ਦੀ ਖਿਮਾ ਬਖਸ਼ੋ ਜੀ। ਗੁਰੂ ਜੀ ਇਹ ਸੁਣ ਕੇ ਉਸ ਨੂੰ ਵੀ ਤੰਬੂ ਵਿਚ ਲੈ ਗਏ ਤੇ ਅਗੇ ਵਾਂਗ ਹੀ ਫਿਰ ਲਹੂ ਨਾਲ ਨਿਚੜਦੀ ਕਿਰਪਾਨ ਨਾਲ ਉਸੇ ਅਸਥਾਨ ਤੇ ਆ ਗਏ ਤੇ ਇਕ ਹੋਰ ਸਿਖ ਦੇ ਸਿਰ ਦੀ ਮੰਗ ਕੀਤੀ। ਇਸ ਵਾਰ ਭਾਈ ਸਾਹਿਬ ਚੰਦ ਨਾਈ ਬਿਦਰਪੁਰ ਦੇ ਰਹਿਣ ਵਾਲੇ ਨੇ ਆ ਕੇ ਆਪਣਾ ਸੀਸ ਭੇਟ ਕੀਤਾ ਤੇ ਬੇਨਤੀ ਕੀਤੀ:—

ਰਾਵਰ ਹੇਤੁ ਆਇ ਜੇ ਦੇਹੀ। ਬਹੁਰ ਰਾਖਨੀ
ਕਾਰਜ ਕੇਹੀ। [ਸੂਰਜ ਪ੍ਰਕਾਸ਼

ਜੇ ਇਹ ਦੇਹੀ, ਗੁਰੂ ਜੀ! ਆਪ ਦੇ ਕੰਮ ਆ ਜਾਵੇ ਤਾਂ ਫਿਰ ਇਸਨੂੰ ਹੋਰ ਕਿਸ ਕੰਮ ਲਈ ਰਖਣਾ ਹੈ। ਗੁਰੂ ਜੀ ਉਸਨੂੰ ਵੀ ਤੰਬੂ ਵਿਚ ਲੈ ਗਏ। ਤੇ ਫਿਰ ਅਗੇ ਵਾਂਗ ਲਹੂ ਭਰੀ ਕਿਰਪਾਨ ਫੜੀ ਦੀਵਾਨ ਵਿਚ ਇਕ ਹੋਰ ਸਿਰ ਲਈ ਵੰਗਾਰਿਆ। ਇਸ ਵਾਰ ਭਾਈ ਹਿੰਮਤ ਜਗਨਨਾਥ ਪੁਰ ਦਾ ਵਾਸੀ ਝੀਵਰ ਹੱਥ ਜੋੜ ਗੁਰੂ ਜੀ ਦੇ ਸਾਹਮਣੇ ਸਿਰ ਦੇਣ ਲਈ ਆ ਹਾਜ਼ਰ ਹੋਇਆ ਤੇ ਬੇਨਤੀ ਕੀਤੀ—

ਕਹਤਿ ਭਯੋ ਲੀਜੇ ਮਮ ਸਿਰ ਕੋ।
ਸੁਨਿ ਗੁਰ ਤੁਰਤ ਗਹਯੋ ਤਿਸ ਕਰ ਕੋ।

ਗੁਰੂ ਜੀ ਨੇ ਉਸ ਦੇ ਹੱਥ ਨੂੰ ਓਸੇ ਵੇਲੇ ਫੜ ਲਿਆ ਤੇ ਉਸ ਨੂੰ ਵੀ ਤੰਬੂ ਵਿਚ ਲੈ ਗਏ। ਬਾਹਰ ਸੰਗਤ ਨੇ ਅਗੇ ਵਾਂਗ ਹੀ ਤਲਵਾਰ ਦੇ ਵਾਰ ਦੀ ਅਵਾਜ਼ ਸੁਣੀ ਤੇ ਤੰਬੂ ਵਿਚੋਂ ਲਹੂ ਦੀ ਧਾਰਾ ਹੋਰ ਅਗੇ ਚਲਦੀ ਦੇਖੀ।

ਇਸ ਵਾਰ ਗੁਰੂ ਜੀ ਨੇ ਤੰਬੂ ਵਿਚ ਵਧੇਰਾ ਸਮਾਂ ਲਾਇਆ। ਤੇ ਫੇਰ ਉਨ੍ਹਾਂ ਪੰਜਾਂ ਨੂੰ ਹੀ ਆਪਣੇ ਨਾਲ ਦੀਵਾਨ ਵਿਚ ਲੈ ਆਏ। ਸੰਗਤ ਇਹ ਦ੍ਰਿਸ਼ ਦੇਖ ਕੇ ਬੜੀ ਹੈਰਾਨ ਹੋਈ ਤੇ ਉਨ੍ਹਾਂ ਪੰਜਾਂ ਨੂੰ ਅਲੌਕਿਕ ਛੱਬ ਵਿਚ ਦੇਖ ਕੇ ਗਦ ਗਦ ਵੀ ਹੋਈ। ਗੁਰੂ ਜੀ ਨੇ ਉਨ੍ਹਾਂ ਪੰਜਾਂ ਨੂੰ "ਪਿਆਰੇ" ਦਾ ਖ਼ਿਤਾਬ ਦੇ ਕੇ ਨਿਵਾਜਿਆ। ਉਸ ਵੇਲੇ ਜੋ ਗੁਰੂ ਜੀ ਨੇ ਉਨ੍ਹਾਂ ਨੂੰ ਪਹਿਰਾਵਾ ਬਖਸ਼ਿਆ ਹੋਇਆ ਸੀ ਉਸ ਬਾਰੇ ਭਾਈ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ :—

ਪਾਂਚੋ ਪਿਆਰੇ ਜੋ ਅਜ਼ਮਾਏ।
ਸੁਕਲ ਬਸਨ ਸਬ ਅੰਗ ਸਜਾਏ।
ਕਮਰ ਕਛਹਿਰੇ ਸਜੇ ਅਛਹਿਰੇ।
ਜੰਵੂ ਸਮ ਤੇਗੇ ਗੁਰ ਪਹਿਰੇ।
ਸੁਧੇ ਦਾੜ੍ਹੇ ਅਰ ਦਸਤਾਰੇ।
ਕਿਤਨ ਦੂਰ ਸਨਮੁਖੈ ਖਲਾਰੇ।

ਭਾਈ ਗਿਆਨ ਸਿੰਘ ਜੀ ਦੀ ਇਸ ਲਿਖਤ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਇਹ ਸਿਖ ਪਹਿਲੇ ਹੀ ਕੇਸਾਧਾਰੀ ਸਨ। ਦੂਜੀ ਗੱਲ ਇਹ ਕਿ ਉਨ੍ਹਾਂ ਦੇ ਦਾੜ੍ਹੇ ਸਿਧੇ, ਭਾਵ ਖੁਲ੍ਹੇ ਸਨ। ਗੁਰੂ ਕੇ ਸਿਖਾਂ ਨੂੰ ਇਸ ਤੋਂ ਸਿਖਿਆ ਲੈਣੀ ਚਾਹੀਦੀ ਹੈ ਕਿ ਉਹ ਦਾੜ੍ਹੀਆਂ ਖੁਲ੍ਹੀਆਂ ਰਖਿਆ ਕਰਨ। ਵਿਸ਼ੇਸ਼ ਤੌਰ ਤੇ ਧਾਰਮਿਕ ਆਗੂ, ਪਰਚਾਰਕ ਅਤੇ ਰਾਗੀ ਸਾਹਿਬਾਨ ਦਾੜ੍ਹੀਆਂ ਬੰਨ੍ਹਣੀਆਂ ਤੁਰਤ ਛੱਡ ਦੇਣ ਦੀ ਕਿਰਪਾ ਕਰਨ ਤਾਂ ਕਿ ਉਨ੍ਹਾਂ ਤੋਂ ਸਰੋਤੇ ਚੰਗਾ ਪ੍ਰਭਾਵ ਲੈ ਸਕਣ।

ਇਸ ਤੋਂ ਉਪ੍ਰੰਤ ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰ ਕੇ ਇਨ੍ਹਾਂ ਪੰਜਾਂ ਨੂੰ ਛਕਾਇਆ ਤੇ ਇਨ੍ਹਾਂ ਦੇ ਨਾਵਾਂ ਪਿਛੇ "ਸਿੰਘ" ਪਦ ਜੋੜਿਆ। ਅਤੇ ਅਗੇ ਤੋਂ ਹਰ ਅੰਮ੍ਰਿਤਧਾਰੀ ਸਿਖ ਦੇ ਨਾਮ ਨਾਲ "ਸਿੰਘ" ਸ਼ਬਦ ਲਾਇਆ ਗਿਆ। ਉਨ੍ਹਾਂ ਨੂੰ ਗੁਰੂ ਜੀ ਨੇ ਰਹਿਤਾਂ ਅਤੇ ਕੁਰਹਿਤਾਂ ਦਾ ਉਪਦੇਸ਼ ਕੀਤਾ ਤੇ ਫਿਰ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛੱਕਿਆ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਵਿਚ ਅਭੇਦ ਕਰ ਲਿਆ। ਇਸ ਤਰ੍ਹਾਂ ਗੁਰੂ ਜੀ ਨੇ ਚਰਨਾਮ੍ਰਿਤ ਦੀ ਥਾਂ ਖੰਡੇ ਦੇ ਅੰਮ੍ਰਿਤ ਦੀ ਮਰਯਾਦਾ ਹਰ ਸਿਖ ਮਾਈ ਭਾਈ ਲਈ



www.AKJ.Org

ਅਗੇ ਤੋਂ ਕਾਇਮ ਕਰ ਦਿਤੀ। ਇਉਂ ਥੋੜ੍ਹੇ ਦਿਨਾਂ ਵਿਚ ਹੀ ਹਜ਼ਾਰਾਂ ਸਿਖਾਂ ਨੇ ਅੰਮ੍ਰਿਤ ਪਾਨ ਕਰ ਲਿਆ। ਉਨ੍ਹਾਂ ਅੰਮ੍ਰਿਤ-ਧਾਰੀਆਂ ਨੂੰ ਗੁਰੂ ਜੀ ਨੇ "ਖਾਲਸੇ" ਕਹਿ ਕੇ ਸਤਿਕਾਰਿਆ ਤੇ ਵਡਿਆਇਆ। ਹਰ ਅੰਮ੍ਰਿਤ-ਧਾਰੀ ਇਸਤ੍ਰੀ ਦੇ ਨਾਂ ਨਾਲ "ਕੌਰ" ਸ਼ਬਦ ਲਾਇਆ ਗਿਆ। ਇਉਂ ਗੁਰੂ ਜੀ ਨੇ ਹਮੇਸ਼ਾ ਲਈ ਦੁਸ਼ਟਾਂ ਨੂੰ ਸੋਧਣ ਲਈ "ਖਾਲਸਾ ਪੰਥ" ਦੀ ਸਾਜਨਾ ਕੀਤੀ, ਜਿਵੇਂ ਕਿ ਗੁਰ ਸੋਭਾ ਵਿਚ ਕਵਿ ਸੈਨਾਪਤਿ ਜੀ ਲਿਖਦੇ ਹਨ :—

ਕਲ ਮੈ ਕਰਨਹਾਰ ਨਿਰੰਕਾਰ ਕਲਾ ਧਾਰ,
ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ।
ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।

ਪੰਜਾਂ ਬਾਣੀਆਂ ਦੇ ਪਾਠ, ਸਰਬ ਲੋਹ ਦੇ ਬਾਟੇ ਵਿਚ ਦੁਧਾਰੇ ਖੰਡੇ ਦੀ ਰਗੜ ਅਤੇ ਪਤਾਸਿਆਂ ਦੀ ਮਿਠਾਸ ਨਾਲ ਸੁੱਛ ਜਲ ਤੋਂ ਤਿਆਰ ਹੋਏ ਅੰਮ੍ਰਿਤ ਨੂੰ ਛੱਕ ਕੇ ਅੰਮ੍ਰਿਤ-ਧਾਰੀ ਪ੍ਰਾਣੀਆਂ ਨੂੰ ਦੂਹਰੇ ਫੱਲ ਦੀ ਪ੍ਰਾਪਤੀ ਹੋਈ। ਗੁਰੂ ਜੀ ਦੀ ਕਿਰਪਾ ਨਾਲ ਇਕ ਤਾਂ ਅਜਿਹੇ ਅੰਮ੍ਰਿਤ-ਧਾਰੀ ਖਾਲਸੇ ਦੇ ਹਿਰਦਿਆਂ ਵਿਚ ਵਾਹਿਗੁਰੂ ਦੇ ਨਾਮ ਦਾ ਵਾਸਾ ਹੋ ਗਿਆ। ਦੂਜੇ ਉਹ ਧਰਮ ਦੀ ਖ਼ਾਤਰ ਜੂਝਣ ਲਈ ਹਰ ਵਕਤ ਬੀਰ ਰੱਸ ਸਹਿਤ ਤਿਆਰ-ਬਰ-ਤਿਆਰ ਹੋ ਗਏ। ਗੁਰੂ ਜੀ ਨੇ ਹਰ ਅੰਮ੍ਰਿਤ-ਧਾਰੀ ਪ੍ਰਾਣੀ ਤੋਂ ਪੰਜ ਕਕਾਰਾਂ ਦੀ ਰਹਿਤ ਧਾਰਨ ਕਰਨ ਲਈ ਅਤੇ ਪੰਜਾਂ ਬਾਣੀਆਂ ਦੇ ਨਿਤਨੇਮ ਲਈ ਪ੍ਰਣ ਲਿਆ। ਇਹ ਹਰ ਸਿਖ ਇਸਤ੍ਰੀ ਪੁਰਸ਼ ਲਈ ਜ਼ਰੂਰੀ ਹੈ ਕਿ ਉਹ ਪੰਜਾਂ ਕਕਾਰਾਂ ਦਾ ਧਾਰਨੀ ਹੋਵੇ ਅਤੇ ਪੰਜਾਂ ਬਾਣੀਆਂ ਦਾ ਰੋਜ਼ ਪਾਠ ਕਰੇ। ਕਈ ਸਜਣ ਕਹਿੰਦੇ ਹਨ ਕਿ ਜੀ! ਪਾਠ ਕਰਨ ਲਈ ਸਮਾਂ ਨਹੀਂ ਨਿਕਲਦਾ। ਉਨ੍ਹਾਂ ਨੂੰ ਪੁਛਣਾ ਚਾਹੀਦਾ ਹੈ ਕਿ ਜੇ ਮਨੁੱਖਾ ਜਨਮ ਦੇ ਦੁਰਲੱਭ ਸਮੇਂ ਵਿਚ ਵੀ ਉਨ੍ਹਾਂ ਨੂੰ ਪਾਠ ਕਰਨ ਲਈ ਸਮਾਂ ਨਹੀਂ ਮਿਲਦਾ ਤਾਂ ਕੀ ਫਿਰ ਪਸ਼ੂ ਦੀ ਜੂਨੀ ਵਿਚ ਪੈ ਕੇ ਇਹ ਸਮਾਂ ਨਿਕਲੇਗਾ? ਅਜਿਹੇ ਸਜਣਾਂ ਨੂੰ ਭਗਤ ਕਬੀਰ ਸਾਹਿਬ ਜੀ ਦੇ ਹੇਠ ਲਿਖੇ ਮਹਾਂ ਵਾਕ ਤੋਂ ਸਬਕ ਹਾਸਲ ਕਰ ਕੇ ਹਰ ਹਾਲਤ ਵਿਚ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਚਾਹੀਦਾ ਹੈ।

ਚਾਰਿ ਪਾਵ, ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਾਈ ਹੈ॥ ਊਠਤ ਬੈਠਤ ਠੇਗਾ ਪਰਿ ਹੈ, ਤਬ ਕਤ ਮੂਡ ਲੁਕਈ ਹੈ॥੧॥ ਹਰਿ ਬਿਨੁ ਬੈਲ ਬਿਰਾਨੇ ਹੁਈ ਹੈ॥ ਫਾਟੇ ਨਾਕਨ, ਟੂਟੇ ਕਾਧਨ, ਕੋਦਉ ਕੋ ਭੁਸੁ ਖਈ ਹੈ॥ [ਰਾਗੁ ਗੂਜਰੀ, ੫੨੪

ਜੋ ਸਿਖ ਹੋ ਕੇ ਵੀ ਅੰਮ੍ਰਿਤ ਪਾਨ ਨਹੀਂ ਕਰਦੇ, ਗੁਰੂ ਵਾਲੇ ਨਹੀਂ ਬਣਦੇ, ਗੁਰਬਾਣੀ ਦਾ ਪਾਠ ਨਹੀਂ ਕਰਦੇ ਤੇ ਨਾਮ ਨਹੀਂ ਜਪਦੇ ਉਨ੍ਹਾਂ ਨੂੰ ਹੇਠ ਲਿਖੇ ਬਚਨਾਂ ਵਲ ਧਿਆਨ ਦੇਣਾ ਚਾਹੀਦਾ ਹੈ :—

ਧਰੇ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ।
ਮੇਰਾ ਦਰਸਨ ਨਹਿ ਤਿਹ, ਪਾਪੀ ਤਜਾਗੈ ਭਿਖ। (ਰਤਨ ਮਾਲਾ)

ਹਰ ਏਕ ਸਿਖ ਇਸਤ੍ਰੀ ਪੁਰਸ਼ ਲਈ ਗੁਰੂ ਹੁਕਮਾਂ ਅਨੁਸਾਰ ਅੰਮ੍ਰਿਤ ਪਾਨ ਕਰਨਾ ਅਤੀ ਜ਼ਰੂਰੀ ਹੈ। ਸਿਖ ਪੰਥ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵਿਸ਼ਵ ਦੇ ਕਲਿਆਨ ਲਈ ਦੁਨੀਆ ਦੇ ਕੋਨੇ ਕੋਨੇ ਵਿਚ ਇਹ ਸੰਦੇਸ਼ ਪਹੁੰਚਾਏ :—

ਪੀਓ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ॥ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

—o—

**ਲੋੜ ਹੈ** ਇਕ ਢੋਲਕ ਵਜਾਣ ਵਾਲੇ ਗੁਰਮੁਖ ਗ੍ਰਿਹਸਤੀ ਸੇਵਾਦਾਰ ਦੀ। ਹੇਠਲੇ ਪਤੇ ਤੇ ਚਿਠੀ ਪੱਤਰ ਕਰੋ।
ਸ: ਕੇਸਰ ਸਿੰਘ, ਗੁਰਦਵਾਰਾ ਸਿੰਘ ਸਭਾ, ਪੰਜਾਬੀ ਕਾਲੋਨੀ, ਮੈਨਪੁਰੀ (ਯੂ. ਪੀ.)



www.AKJ.Org

# ਦੇਹ ਅੰਮ੍ਰਿਤ ਦਾਤਾ ! ਹੇ ਅੰਮ੍ਰਿਤ ਦਾਤਾ !

[ਵਲੋਂ :—ਸਰਦਾਰ ਵਿਧਾਤਾ ਸਿੰਘ ਜੀ ਤੀਰ]

ਮੈਂ ਨੀਚ ਨਿਰਾਸੀ, ਮੈਂ ਪ੍ਰੇਮ-ਪਿਆਸੀ ।
ਮੇਰੀ ਕਟ ਦੇ ਚੁਰਾਸੀ, ਮੇਰੀ ਕਰ ਦੇ ਖ਼ਲਾਸੀ ।
ਕੱਟ ਜੰਮਣਾ ਮਰਨਾ, ਨਿਤ ਜਮ ਤੋਂ ਡਰਨਾ ।
ਹੇ ਗੋਬਿੰਦ-ਸਾਗਰ, ਦੇਹ ਨੈਣਾਂ ਚਿ ਤਰਨਾ ।
ਲਖ ਜਨਮ ਮੈਂ ਧਾਰੇ, ਲਖ ਪਾਲੇ ਲਾਰੇ ।
ਮੈਂ ਮੁੜ ਮੁੜ ਵਿਲਕੀ, ਡਿਗ ਤੇਰੇ ਦਵਾਰੇ ।
ਮੇਰਾ ਤਨ ਮਨ ਰੰਗ ਦੇ, ਹੇ ਰੰਗ-ਰਸ-ਮਾਤਾ !
ਦੇਹ ਅੰਮ੍ਰਿਤ ਦਾਤਾ ! ਹੇ ਅੰਮ੍ਰਿਤ ਦਾਤਾ !

ਮੈਂ ਲੱਖ ਲੱਖ ਸੋਚਾਂ, ਪਰ ਇਕ ਨਹੀਂ ਸੁਝਦੀ ।
ਮੇਰੀ ਜਨਮ ਜਨਮ ਦੀ, ਇਹ ਤੇਹ ਨਹੀਂ ਬੁਝਦੀ ।
ਮੈਂ ਉਜੜੀ ਉਜੜੀ, ਨਿਤ ਨੈਣੋਂ ਵੱਸਦੀ ।
ਨਾ ਮੋੜੀਂ ਖ਼ਾਲੀ, ਤੈਨੂੰ ਲਾਜ ਹੈ ਯੱਸ ਦੀ ।
ਮੇਰੀ ਆਸ ਪੁਗਾ ਦੇ, ਅਜ ਪਿਆਸ ਬੁਝਾ ਦੇ ।
ਘੁਪ-ਘੇਰ ਮਿਟਾ ਦੇ, ਅਜ ਜੋਤ ਜਗਾ ਦੇ ।
ਮੇਰਾ ਜਨਮ ਜਨਮ ਦਾ, ਕਟ ਦੇ ਅੰਧਰਾਤਾ ।
ਦੇਹ ਅੰਮ੍ਰਿਤ ਦਾਤਾ ! ਹੇ ਅੰਮ੍ਰਿਤ ਦਾਤਾ !

ਮੇਰੇ ਦਿਲ ਤੇ ਲਿਖ ਦੇ, ਮਜ਼ਮੂਨ ਇਸ਼ਕ ਦਾ ।
ਮੇਰੇ ਮਗ਼ਜ਼ ਚਿ ਭਰ ਦੇ, ਕਾਨੂੰਨ ਇਸ਼ਕ ਦਾ ।
ਮੇਰੀ ਜ਼ੁਲਫ਼ ਚਿ ਪਾ ਦੇ, ਗਿਣ ਕੇ ਪੰਜ ਚੁਲੀਆਂ ।
ਕਰ ਨਜ਼ਰ ਮੇਰੇ ਤੇ, ਕਰ ਨਜ਼ਰਾਂ ਖੁਲ੍ਹੀਆਂ ।
ਮੇਰੇ ਸਿਦਕ ਨੂੰ ਰੰਗ ਦੇ, ਮੇਰੇ ਇਸ਼ਕ ਨੂੰ ਰੰਗ ਦੇ ।
ਮੇਰੀ ਸੰਗ ਸਭ ਲਾਹ ਦੇ, ਮੈਨੂੰ ਨਿੱਤ ਦਾ ਸੰਗ ਦੇ ।
ਕਢ ਤੁੱਠ ਕੇ ਵਹੀਓਂ ਮੇਰਾ ਨਰਕੀ ਖਾਤਾ ।
ਦੇਹ ਅੰਮ੍ਰਿਤ ਦਾਤਾ ! ਹੇ ਅੰਮ੍ਰਿਤ ਦਾਤਾ !

ਲੱਖ ਠੇਡੇ ਖਾ ਖਾ, ਦਰ ਪਹੁੰਚੀ ਤੇਰੇ ।
ਮਿਣ ਅਕਲ ਨਾ ਮੇਰੀ, ਗਿਣ ਪਾਪ ਨਾ ਮੇਰੇ ।
ਮਤ ਮੂਲ ਨਾ ਮਾਸਾ, ਗੁਣ ਮੂਲ ਨਾ ਕੋਈ ।
ਜੇ ਤੂੰ ਦੁਰਕਾਰੇਂ, ਨ੍ਹੀਂ ਕਿਧਰੇ ਢੋਈ ।
ਗੁਜਰੀ ਦਿਆ ਚੰਦਾ ! ਵੇ ਮੈਂ ਗਈ-ਗੁਜ਼ਰੀ ।
ਬੇ-ਟੇਕ ਬਿਆਸੀ, ਬੰਦੀ ਬੇ-ਉਜ਼ਰੀ ।
ਪਰ ਤੇਰਾ ਮੇਰਾ, ਹੈ ਅਜ਼ਲੀ ਨਾਤਾ ।
ਮੈਂ ਸੋਈ ਮੰਗਦੀ, ਦੇਹ ਅੰਮ੍ਰਿਤ ਦਾਤਾ !

ਮੈਨੂੰ ਕੱਖ ਤੋਂ ਚੁਕ ਕੇ, ਅਜ ਕਰ ਦੇ ਲਖ ਦਾ ।
ਮੇਰੇ ਦਿਲ ਵਿਚ ਭਰ ਦੇ, ਜਲਵਾ ਇਕ ਅੱਖ ਦਾ ।
ਮੈਨੂੰ ਜੀਉਣ ਸਿਖੱਾ ਦੇ, ਮੈਨੂੰ ਮਰਨ ਸਿਖੱਾ ਦੇ ।
ਮੈਨੂੰ ਭਵ-ਸਾਗਰ ਤੋਂ, ਤੂੰ ਤਰਨ ਸਿਖੱਾ ਦੇ ।
ਮੈਂ ਭੈ ਨਾ ਦੇਵਾਂ, ਨਾ ਡਰ ਕੇ ਜੀਵਾਂ ।
ਇਹ ਜੀਵਨ-ਬਾਜੀ, ਨਾ ਹਰ ਕੇ ਜੀਵਾਂ ।
ਮੇਰੇ ਕਰਮ ਪਲਟ ਦੇ, ਹੇ ਕਰਮ-ਵਿਧਾਤਾ !
ਅਜ ਅਮਰ ਮੈਂ ਹੋਵਾਂ, ਦੇਹ ਅੰਮ੍ਰਿਤ ਦਾਤਾ !

---

# ਪਿੰਡ ਮੱਨਣ (ਜਲੰਧਰ) ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਖ਼ਾਲਸਾ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸਬੰਧ ਵਿਚ ਪਿੰਡ ਮੱਨਣ (ਜਲੰਧਰ) ਵਲੋਂ ਆਲੇ ਦੁਆਲੇ ਦੇ ੪੦ ਪਿੰਡਾਂ ਵਿਖੇ ੨੯ ਫ਼ਰਵਰੀ ਤੋਂ ਕੀਰਤਨ ਪ੍ਰੋਗਰਾਮ ਜਾਰੀ ਹਨ । ੧ ਤੋਂ ੯ ਅਪ੍ਰੈਲ ਤਕ ਪਿੰਡ ਦਿਆਲਪੁਰ, ਗਦਾਈਪੁਰ, ਰਾਏਪੁਰ, ਸਰਮਸਤਪੁਰ, ਦੋਲਤਪੁਰ, ਕਿਸ਼ਨਗੜ੍ਹ, ਸਗਵਾਲ, ਗੋਪਾਲਪੁਰ, ਤੇ ਕਰਾੜੀ ਵਿਖੇ ਰਾਤ ੮ ਤੋਂ ੧੦ ਵਜੇ ਤਕ ਅਖੰਡ ਕੀਰਤਨ ਰਖੇ ਗਏ ਹਨ ।

ਪਿੰਡ ਮੱਨਣ ਵਿਖੇ ੩੧ ਮਾਰਚ ਨੂੰ ਪਹਿਲਾ ਅਖੰਡਪਾਠ ਰਖ ਕੇ ੧੦ ਅਪ੍ਰੈਲ ਨੂੰ ਸਵੇਰੇ ਪੰਜਵੇਂ ਅਖੰਡ-ਪਾਠ ਦਾ ਭੋਗ ਪੈ ਕੇ ਦੋ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਦਸ ਅਪ੍ਰੈਲ ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਰੰਭ ਹੋਣਗੇ । ਇਸੇ ਵੇਲੇ ਰੈਣ-ਸਬਾਈ ਕੀਰਤਨ ਅਰੰਭ ਹੋ ਜਾਣਗੇ, ਜਿਸ ਦੇ ਭੋਗ ੧੧ ਅਪ੍ਰੈਲ ਨੂੰ ਸਵੇਰੇ ਪੈਣਗੇ ।

੧੦ ਅਪ੍ਰੈਲ ਨੂੰ ੭ ਵਜੇ ਸ਼ਾਮ ਜਲੰਧਰ ਨਵੇਂ ਅਡੇ ਤੋਂ ਸੰਗਤਾਂ ਨੂੰ ਮੱਨਣ ਲਿਜਾਣ ਲਈ ਟਰੱਕ ਚਲੇਗਾ । ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

ਪ੍ਰਾਰਥਕ ਦਾਸਰੇ—ਇਲਾਕਾ ਮੱਨਣ

www.AKJ.Org

# ਅਨੋਖੀ ਵੈਸਾਖੀ, ਅਨੋਖੇ ਦਰਸ਼ਨ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿਤਰਾ' ਮਾਲਬ, ਜ਼ਿਲਾ ਗੁੜਗਾਉਂ]

ਕਾਮਲ ਮਰਦ ਦਸਮੇਸ਼ ਅਜ ਤਖ਼ਤ ਉਤੇ, ਲੈ ਕੇ ਹੱਥ ਵਿਚ ਨੰਗੀ ਕਿਰਪਾਨ ਆਇਐ।
ਚੋਜੀ ਪ੍ਰੀਤਮ ਨਿਤ ਨਵੇਂ ਹੀ ਚੋਜ ਕਰਦਾ, ਅਜ ਨਵਾਂ ਇਕ ਕੌਤਕ ਰਚਾਨ ਆਇਐ।
ਦੋ ਸੌ ਸਾਲ ਤੋਂ ਸਿਖਿਆ ਚਲਦੀ ਰਹੀ, ਅਜ ਲੈਣ ਉਸਦਾ ਇਮਤਿਹਾਨ ਆਇਐ।
ਲੈ ਕੇ ਰੂਪ-ਰੇਖਾ ਨਿਰੰਕਾਰ ਕੋਲੋਂ, ਜਗ ਤੇ ਪੰਥ ਇਕ ਨਵਾਂ ਸਜਾਣ ਆਇਐ।
'ਦੁਸ਼ਟ ਦਮਨ' ਛਡ ਕੇ 'ਹੇਮ ਕੁੰਟ' ਪਰਬਤ, ਮਾਤ ਲੋਕ ਤਾਈਂ ਭਾਗ ਲਾਣ ਆਇਐ।
ਬਣ ਕੇ ਪੁਤ੍ਰ ਉਸ ਪਿਤਾ ਅਕਾਲ ਜੀ ਦਾ, ਰੂਪ ਧਾਰ 'ਗੋਬਿੰਦ' ਭਗਵਾਨ ਆਇਐ।
ਸੰਤ ਤਾਰਨੇ ਦੁਸ਼ਟ ਸੰਘਾਰਨੇ ਲਈ, ਸੰਤ ਸੂਰਮਾ ਬਲੀ ਮਹਾਨ ਆਇਐ।
ਸੁਰਤਾਂ ਮੋਈਆਂ ਦੇ ਤਾਈਂ ਜਿਵਾਣ ਖ਼ਾਤਰ, ਅੰਮ੍ਰਿਤ-ਰਸ ਦੀ ਨੈਂ ਵਗਾਣ ਆਇਐ।
ਸਾਧ ਸਾਧ ਕੇ ਕਠਨ ਤਪੱਸਿਆਵਾਂ, ਹੋ ਕੇ ਆਪ ਦਰਗਾਹੋਂ ਪਰਵਾਣ ਆਇਐ।
ਬਣ ਕੇ ਦਾਤਾ ਗਰੀਬ ਨਿਵਾਜ ਜਗ ਤੇ, ਰੁਲਦੇ ਖੁਲਦਿਆਂ ਨੂੰ ਗਲੇ ਲਾਣ ਆਇਐ।
ਊਚ ਨੀਚ ਦਾ ਵਿਤਕਰਾ ਮੇਟਣੇ ਲਈ, ਫੜ ਕੇ ਨੀਚਾਂ ਨੂੰ ਉੱਚਾ ਉਠਾਣ ਆਇਐ।
ਖ਼ੂਨ ਪਿਤਾ ਦਾ ਤੇਲ ਦੀ ਥਾਂ ਪਾ ਕੇ, ਜਗ ਦੇ ਬੁਝੇ ਹੋਏ ਦੀਵੇ ਜਗਾਣ ਆਇਐ।
ਸੁਖੀ ਵੇਖਣ ਲਈ ਲੋਕਾਂ ਦੇ ਪੁਤ੍ਰਾਂ ਨੂੰ, ਪੁਤ ਆਪਣੇ ਕਰਨ ਕੁਰਬਾਨ ਆਇਐ।
ਨਾੜਾਂ ਵਿਚ ਕਰ ਕੇ ਟੀਕਾ ਬੀਰਤਾ ਦਾ, ਠੰਡਾ ਹੋ ਰਿਹਾ ਲਹੂ ਗਰਮਾਣ ਆਇਐ।
ਛੀਂਬੇ, ਝੀਵਰਾਂ, ਨਾਈਆਂ ਤੇ ਬਾਣੀਆਂ ਦੇ, ਹੱਥਾਂ ਵਿਚ ਤਲਵਾਰਾਂ ਫੜਾਣ ਆਇਐ।
ਇੱਕ ਇੱਕ ਨੂੰ ਅੰਮ੍ਰਿਤ ਦਾ ਜਾਮ ਦੇ ਕੇ, ਲੱਖ ਲੱਖ ਦੇ ਨਾਲ ਲੜਾਣ ਆਇਐ।
ਖੰਡੇ-ਧਾਰ ਦੀ ਪਾਹੁਲ ਦਾ ਸਿੰਚਾਰ ਕਰਕੇ, ਮੁਰਦਾ ਦਿਲਾਂ ਅੰਦਰ ਜਾਨ ਪਾਣ ਆਇਐ।
ਭਾਰਤ ਚਮਨ ਦੇ ਸੁੱਕੇ ਹੋਏ ਬੂਟਿਆਂ ਨੂੰ, ਪਾਣੀ ਪ੍ਰੇਮ-ਪਿਆਰ ਦਾ ਲਾਣ ਆਇਐ।
ਹਸ਼ਰ ਤੀਕ ਵੀ ਹਿੱਲਣੀ ਨਹੀਂ ਜਿਹੜੀ, ਐਸੀ ਨੀਂਹ ਜਗ ਤੇ 'ਮਿੱਤਰ' ਧਰੇਗਾ ਇਹ।
ਅਮਲੀ ਜੀਵਨ ਦੀ ਗੁੜ੍ਹਤੀ ਪਿਆਲ ਕੇ ਤੇ, ਖ਼ਾਲਸ 'ਖ਼ਾਲਸਾ' ਸਾਜਨਾ ਕਰੇਗਾ ਇਹ।

---

# ਵਿਸ਼ਵ ਪੰਜਾਬੀ ਸੰਮੇਲਨ

ਸ: ਪ੍ਰੀਤਮ ਸਿੰਘ ਜੀ.ਪੀ. ਸੀ. ਐਸ. ਵਿਸ਼ੇਸ਼ ਕਾਰਜ ਅਫਸਰ, ਪੰਜਾਬ ਗੌਰਮਿੰਟ ਇਤਲਾਹ ਦਿੰਦੇ ਹਨ ਕਿ ਪੰਜਾਬ ਸਰਕਾਰ ਨੇ ਇਕ ਵਿਸ਼ਵ ਪੰਜਾਬੀ ਸੰਮੇਲਨ ਬੁਲਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਵਿਚ ਦੇਸ਼ ਦੇ ਬਾਕੀ ਰਾਜਾਂ ਅਤੇ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਪ੍ਰਤੀਨਿਧ ਸਦੇ ਜਾਣਗੇ।

ਖਾਸ ਤੌਰ ਤੇ ਦੇਸ਼ਾਂ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਇਕ ਪਲੇਟਫਾਰਮ ਤੇ ਇਕੱਠਿਆਂ ਕਰ ਕੇ, ਆਪਣੀਆਂ ਸਾਂਝੀਆਂ ਸਮਸਿਆਵਾਂ ਉਤੇ ਵਿਚਾਰ ਕਰਨ, ਆਪੋ ਆਪਣੇ ਤਜਰਬਿਆਂ ਨੂੰ ਸਾਂਝਾ ਕਰ ਕੇ ਪੰਜਾਬ ਦੀ ਆਰਥਕ ਨਵ-ਉਸਾਰੀ ਲਈ ਉਪਰਾਲੇ ਸੋਚਣ ਅਤੇ ਪੰਜਾਬ ਦੀ ਸਭਿਅਤਾ, ਇਤਿਹਾਸ ਤੇ ਸਰਬ-ਸਾਂਝੇ ਵਿਰਸੇ ਦੇ ਆਦਰਸ਼ਾਂ ਨੂੰ ਉਜਾਗਰ ਕਰਨ ਲਈ ਇਹ ਸੰਮੇਲਨ ਕੀਤਾ ਜਾ ਰਿਹਾ ਹੈ।

ਸਰਕਾਰ ਦਾ ਇਹ ਉਦਮ ਬੜਾ ਸ਼ਲਾਘਾ ਯੋਗ ਹੈ। ਜੇ ਇਸ ਕਾਰਜ ਨੂੰ ਰਾਜਨੀਤੀ ਰੰਗਣ ਨਾ ਦਿਤੀ ਜਾਵੇ ਅਤੇ ਸਹੀ ਅਰਥਾਂ ਵਿਚ ਨੇਕਨੀਯਤੀ ਨਾਲ ਇਸ ਤੇ ਅਮਲ ਕੀਤਾ ਜਾਵੇ ਤਾਂ ਬੜੇ ਚੰਗੇ ਨਤੀਜੇ ਨਿਕਲ ਸਕਦੇ ਹਨ। ਲੋੜ ਹੈ ਕਿ ਪੰਜਾਬੀਆਂ ਨੂੰ ਨਸ਼ਿਆਂ ਦੀ ਵਰਤੋਂ, ਫ਼ੈਸ਼ਨ-ਪ੍ਰਸਤੀ, ਅਯਾਸ਼ੀ ਆਦਿ ਬੁਰਿਆਈਆਂ ਵਲੋਂ ਮੋੜ ਕੇ, ਆਪਣੇ ਮੁਢਲੇ ਧਾਰਮਕ ਭਾਵਾਂ ਵਾਲੇ ਸਭਿਆਚਾਰਕ ਵਿਰਸੇ ਨਾਲ ਜੋੜਿਆ ਜਾਵੇ।

www.AKJ.Org

# ਸਟੇਨਲੈਸ ਸਟੀਲ ਅਤੇ ਸਰਬ-ਲੋਹ

[ਵਲੋਂ—ਸ: ਮਾਲਕ ਸਿੰਘ ਜੀ, ਕੈਮਿਸਟ ਇਨਚਾਰਜ, ਜੰਮੂ]

[ਬਹੁਤੇ ਸਜਣ ਆਮ ਕਰਕੇ ਸਟੀਲ ਦੇ ਬਰਤਨਾਂ ਨੂੰ ਸਰਬ-ਲੋਹ ਦੀ ਥਾਂ ਵਰਤਣ ਲਗ ਪਏ ਹਨ, ਜੋ ਕਿ ਬਿਲਕੁਲ ਗਲਤ ਹੈ। ਜਿਥੇ ਸਟੀਲ ਵਿਚ ਸਰਬ-ਲੋਹ ਦਾ ਕੋਈ ਵੀ ਗੁਣ ਨਹੀਂ ਉਥੇ ਇਸ ਦੀ ਬਣਤਰ ਵਿਚ ਵੀ ਜ਼ਮੀਨ ਅਸਮਾਨ ਦਾ ਅੰਤਰਾ ਹੈ। ਇਸ ਦੀ ਬਣਤਰ ਨੂੰ ਸਮਝਣ ਲਈ ਸਟੀਲ ਅਤੇ ਸਰਬ ਲੋਹ ਦਾ ਵਿਗਿਆਨਕ ਵਿਸ਼ਲੇਸ਼ਣ ਸੰਖੇਪ ਵਿਚ ਲਿਖਣ ਦਾ ਯਤਨ ਕੀਤਾ ਜਾ ਰਿਹਾ ਹੈ ਤਾਕਿ ਦੋਹਾਂ ਧਾਤੂਆਂ ਦੀ ਬਨਾਵਟ ਦਾ ਪਤਾ ਲਗ ਜਾਏ ਤੇ ਇਸ ਭੁਲੇਖੇ ਨੂੰ ਦੂਰ ਕੀਤਾ ਜਾ ਸਕੇ।]

**ਮੁਢਲੀ ਜਾਣ ਪਛਾਣ :—**

ਵਿਗਿਆਨ ਹੁਣ ਖੋਜ ਕਰ ਰਿਹਾ ਹੈ ਕਿ ਇਨਸਾਨ ਦੀ ਖ਼ੁਰਾਕ ਵਿਚ ਲੋਹ-ਤਤ, ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਇਸ ਦੀ ਘਾਟ ਨਾਲ ਜਿਥੇ ਸਰੀਰ ਕਮਜ਼ੋਰ ਹੁੰਦਾ ਹੈ ਉਥੇ ਨਾਲ ਨਾਲ ਕਈ ਤਰ੍ਹਾਂ ਦੇ ਰੋਗ ਆ ਡੇਰਾ ਲਾਉਂਦੇ ਹਨ। ਸਾਇੰਸ ਨੇ ਇਹ ਵੀ ਸਿਧ ਕਰ ਲਿਆ ਹੈ ਕਿ ਜੋ ਲੋਹ-ਅੰਸ਼ ਕੀਮਤੀ ਫਲਾਂ, ਮੇਵਿਆਂ ਅਤੇ ਹੋਰ ਪੋਸਟਕ ਅਹਾਰ ਤੋਂ ਬੜੀ ਮੁਸ਼ਕਲ ਨਾਲ ਪ੍ਰਾਪਤ ਹੁੰਦਾ ਹੈ ਉਸ ਤੋਂ ਕਈ ਗੁਣਾਂ ਵਧੇਰੇ ਉਹ ਹੀ ਲੋਹ-ਅੰਸ਼ਸਰਬ-ਲੋਹੀ ਬਰਤਨਾਂ ਵਿਚ ਭੋਜਨ ਬਣਾਣ ਅਤੇ ਛਕਣ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਨੈਸ਼ਨਲ ਇਨਸਟੀਚਿਊਟ ਆਫ਼ ਨਿਊਟ੍ਰੀਸ਼ਨ, ਹੈਦਰਾਬਾਦ ਵਿਚ ਕੀਤੇ ਗਏ ਤਜਰਬਿਆਂ ਨੇ ਇਹ ਸਾਬਤ ਕੀਤਾ ਹੈ ਕਿ ਜਿਸ ਭੋਜਨ ਵਿਚ ਮੁਢਲੇ ਤੋਰ ਤੇ 47.7 ਲੋਹ-ਅੰਸ਼ ਸੀ, ਉਹ ਹੀ ਭੋਜਨ ਸਰਬ ਲੋਹ ਦੇ ਬਰਤਨਾਂ ਵਿਚ ਤਿਆਰ ਕਰਨ ਨਾਲ 181.2 ਤਕ ਪਹੁੰਚ ਜਾਂਦਾ ਹੈ, ਭਾਵ ਸਰਬ-ਲੋਹੀ ਭਾਂਡਿਆਂ ਵਿਚ ਭੋਜਨ ਪਕਾਣ ਨਾਲ ਉਸੇ ਭੋਜਨ ਵਿਚੋਂ ਚਾਰ ਗੁਣਾਂ ਵਧ ਲੋਹ-ਅੰਸ਼ ਪ੍ਰਾਪਤ ਹੋ ਜਾਂਦਾ ਹੈ। ਇਸ ਸਬੰਧ ਵਿਚ ਹੈਦਰਾਬਾਦ ਇਨਟੀਚਿਊਟ ਵਿਚ ਸਰਕਾਰੀ ਤੋਰ ਤੇ ਬਹੁਤ ਭਾਰੀ ਖੋਜ ਜਾਰੀ ਹੈ।

ਧੰਨ ਹਨ ਦਸਮੇਸ਼ ਖੜਗੇਸ਼, ਕਲਗੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅਜ ਤੋਂ ਤਿੰਨ ਸੋ ਸਾਲ ਪਹਿਲਾਂ ਹੀ ਸਰਬ-ਲੋਹ ਦੀ ਮਹਾਨਤਾ ਨੂੰ ਅਮਲੀ ਤੋਰ ਤੇ ਪ੍ਰਚਾਰਿਆ। ਆਪ ਨੇ ਖਾਲਸੇ ਨੂੰ ਜੋ "ਦੇਗ ਤੇਗ ਫ਼ਤਹ" ਦਾ ਵਰ ਦਿਤਾ ਉਹ ਦੋਵੇਂ ਹੀ ਦੇਗ ਅਤੇ ਤੇਗ ਸਰਬ ਲੋਹੀ ਬਖ਼ਸ਼ੀਆਂ। ਜਿਥੇ ਸਰਬ-ਲੋਹ ਸਰੀਰਕ ਬਲਿ ਦੇਂਦਾ ਹੈ ਉਥੇ ਆਤਮਕ ਬਲ ਦੇਣ ਵਾਲੀਆਂ ਵਸਤਾਂ ਵਿਚ ਵੀ ਸਰਬ ਲੋਹ ਨੂੰ ਸਰਵ ਸ੍ਰੇਸ਼ਟਤਾ ਦਿਤੀ ਗਈ ਹੈ। ਇਸ ਸਰਬ-ਲੋਹ ਦੀ ਮਹਾਨਤਾ ਨੂੰ ਮੁਖ ਰਖਦੇ ਹੋਇਆਂ ਪੰਜ ਕਕਾਰਾਂ ਚੋਂ ਦੋ ਕਕਾਰ—ਕੜਾ ਅਤੇ ਸ੍ਰੀ ਸਾਹਿਬ—ਸਰਬ ਲੋਹ ਦੀ ਬਖਸ਼ੀ ਅਤੇ ਅੰਮ੍ਰਿਤ ਦੀ ਗੁੜ੍ਹਤੀ ਦੇਣ ਲਈ ਸਰਬ-ਲੋਹੀ ਖੰਡਾ ਅਤੇ ਬਾਟਾ ਇਸਤਿਮਾਲ ਕਰ ਕੇ ਸਰਬਲੋਹ ਦੀ ਵਿਸ਼ੇਸਤਾ ਨੂੰ ਹੋਰ ਦ੍ਰਿੜ੍ਹ ਕਰਾਇਆ ਹੈ। ਸਰਬ ਲੋਹ ਦੀਆਂ ਗੁਪਤ ਸ਼ਕਤੀਆਂ ਇਨ੍ਹਾਂ ਵਿਚਾਰੇ ਸਾਇੰਸਦਾਨਾਂ ਨੂੰ ਕੀ ਪਤਾ ਚਲ ਸਕਦੀਆਂ ਹਨ।

**ਸਰਬ-ਲੋਹ ਅਤੇ ਸਟੀਲ ਦਾ ਵਿਗਿਆਨਕ ਵਿਸ਼ਲੇਸ਼ਣ :—**

ਸਰਬ ਲੋਹ ਅਤੇ ਸਟੀਲ ਵਿਚ ਜੋ ਅੰਤਰਾ ਹੈ, ਉਸ ਨੂੰ ਠੀਕ ਠੀਕ ਸਮਝਣ ਲਈ ਇਨ੍ਹਾਂ ਧਾਤੂਆਂ ਬਾਰੇ ਵਿਗਿਆਨ ਦੀ ਖੋਜ ਨੂੰ ਮੁਖ ਰਖਣਾ ਪਏਗਾ। ਜਿਸ ਦਾ ਸੰਖੇਪ ਵਿਚ ਬਿਆਨ ਕਰਨਾ ਅਤਿ ਜ਼ਰੂਰੀ ਹੈ। ਜ਼ਮੀਨ ਵਿਚੋਂ ਜੋ ਲੋਹਾ ਖੋਦਿਆ ਜਾਂਦਾ ਹੈ ਉਸ ਨੂੰ Iron Ore (ਆਇਰਨ ਓਰ) ਕਿਹਾ ਜਾਂਦਾਂ ਹੈ ਜਿਸ ਵਿਚ ਲਗ-ਪਗ 40 ਫ਼ੀ ਸਦੀ ਮਿੱਟੀ ਰਲੀ ਹੁੰਦੀ ਹੈ। ਇਸ ਤੋਂ ਇਲਾਵਾ ਕਾਰਬਨ, ਫ਼ਾਸਫ਼ੋਰਸ, ਮੈਗਨੀਜ਼, ਆਦਿ ਹੋਰ ਵੀ ਅਸ਼ੁਧੀਆਂ ਹੁੰਦੀਆਂ ਹਨ। ਪਹਿਲਾਂ ਇਸ ਨੂੰ ਪਾਣੀ ਵਿਚ ਧੋਤਾ ਜਾਂਦਾ ਹੈ, ਜਿਸ ਨਾਲ ਮਿੱਟੀ ਘੁਲ ਕੇ ਨਿਕਲ ਜਾਂਦੀ ਹੈ। ਫਿਰ ਇਸ ਨੂੰ ਭਠੀਆਂ ਵਿਚ ਪਿਘਲਾਇਆ ਜਾਂਦਾ ਹੈ।



www.AKJ.Org

ਕਾਰਖ਼ਾਨਿਆਂ ਦੀ ਲੋੜ ਅਨੁਸਾਰ ਇਸ ਲੋਹੇ ਦੀਆਂ ਤਿੰਨ ਕਿਸਮਾਂ ਬਣਾਈਆਂ ਜਾਂਦੀਆਂ ਹਨ :—

(ੳ) ਕੱਚਾ ਜਾਂ ਦੇਗੀ ਲੋਹਾ (Cast Iron ਕਾਸਟ ਆਇਰਨ)—ਇਹ ਸਭ ਤੋਂ ਹਲਕੀ ਕਿਸਮ ਦਾ ਲੋਹਾ ਹੈ। ਇਹ ਭੁਰਭੁਰਾ ਅਤੇ ਥੋੜੀ ਸੱਟ ਲਗਣ ਨਾਲ ਟੁਟ ਜਾਂਦਾ ਹੈ। ਇਹ ਲੋਹਾ ਫੈਲ ਨਹੀਂ ਸਕਦਾ। ਇਸ ਦੇ ਬਰਤਨ ਨਹੀਂ ਬਣਦੇ। ਜੇ ਬਣਦੇ ਵੀ ਹਨ ਤਾਂ ਬਹੁਤ ਘਟੀਆ ਜਿਹੇ ਅਤੇ ਖੁਰਦਰੇ ਹੁੰਦੇ ਹਨ। ਇਸ ਵਿਚ ਅਸ਼ੁਧੀਆਂ ਜ਼ਿਆਦਾ ਹੁੰਦੀਆਂ ਹਨ ਤੇ ਇਸ ਦੀ ਬਣਤਰ ਇਸ ਤਰ੍ਹਾਂ ਹੈ :—

**ਦੇਗੀ ਲੋਹੇ ਦੀ ਔਸਤਨ ਬਣਤਰ ਇਉਂ ਹੈ—**

| | | |
|---|---|---|
| 1. ਕਾਰਬਨ (Carbon) | 2.5 ਤੋਂ 4.5 | ਫ਼ੀ ਸਦੀ |
| 2. ਸਿਲਿਕਨ (Silicon) | 0.7ਤੋਂ 3 | ,, |
| 3. ਫ਼ਾਸਫ਼ੋਰਸ (Phosphorus) | 0.5 ਤੋਂ 1 | ,, |
| 4. ਸਲਫ਼ਰ (Sulpher) | 0.3 | ,, |
| 5. ਮੈਂਗੇਨੀਜ਼ (Mangenese) | 0 2 ਤੋਂ 1 | ,, |
| 6 ਲੋਹਾ (Iron) | 92 ਤੋਂ 95 | ,, |

(ਅ) ਉਤੇਜਿਤ ਜਾਂ ਸ਼ੁੱਧ ਲੋਹਾ (ਰਾਟ ਆਇਰਨ Wrought iron) ਕਚੇ ਜਾਂ ਦੇਗੀ ਲੋਹੇ ਨੂੰ ਹੋਰ ਹੋਰ ਭਠੀਆਂ ਵਿਚ ਗਲਾਇਆ ਜਾਂਦਾ ਹੈ ਤੇ ਸਾਫ਼ ਕੀਤਾ ਜਾਂਦਾ ਹੈ। ਕਾਰਬਨ ਆਦਿ ਦੀ ਮਾਤ੍ਰਾ ਨੂੰ ਕਾਫ਼ੀ ਘਟਾਇਆ ਜਾਂਦਾ ਹੈ। ਇਸ ਦੀ ਬਣਤਰ ਇਸ ਤਰ੍ਹਾਂ ਹੈ :—

| | | |
|---|---|---|
| 1. ਕਾਰਬਨ | 0.1 ਤੋਂ 0.2 | ਫ਼ੀ ਸਦੀ |
| 2. ਸਿਲਿਕਨ | 0.35 | ,, |
| 3. ਫ਼ਾਸਫ਼ੋਰਸ | 0.25 | ,, |
| 4. ਸਲਫ਼ਰ | 0.03 | ,, |
| 5. ਮੈਂਗਨੀਜ਼ | ਨਾਂ ਮਾਤਰ | |
| 6 ਲੋਹਾ | 99 ਫ਼ੀ ਸਦੀ ਤੋਂ ਵਧ | |

ਇਹ ਰਾਟ ਆਇਰਨ ਸ਼ੁਧ, ਖ਼ਾਲਸ ਅਥਵਾ ਸਰਬ-ਲੋਹ ਗਿਣਿਆ ਜਾਂਦਾ ਹੈ। ਇਹੋ ਹੀ ਲੋਹੇ ਦੀ ਸੁਧ ਕੁਆਲਟੀ ਹੈ। ਸੱਟ ਮਾਰਨ ਤੇ ਇਹ ਭੁਰਦਾ ਨਹੀਂ ਅਤੇ ਲੋੜ ਅਨੁਸਾਰ ਅੱਗ ਦੇ ਕੇ ਫੈਲਾਇਆ ਜਾ ਸਕਦਾ ਹੈ। ਜਿੰਨੀ ਇਸ ਦੀ ਰਗੜਾਈ ਕੀਤੀ ਜਾਏ ਉਤਨਾ ਇਹ ਵਧੇਰੇ ਚਮਕਦਾ ਹੈ। ਇਸ ਵਿਚ ਚੁੰਬਕ ਸ਼ਕਤੀ (ਮਿਕਨਾਤੀਸੀ) ਅਸਰ ਜ਼ਿਆਦਾ ਹੁੰਦਾ ਹੈ। ਇਸ ਨੂੰ ਜ਼ੰਗ ਘਟ ਲਗਦਾ ਹੈ। ਇਸੇ ਦੇ ਹੀ ਚੰਗੇ ਬਰਤਨ ਅਤੇ ਵਧੀਆ ਸ਼ਸਤ੍ਰ ਬਣਦੇ ਹਨ। ਇਸੇ ਵਿਚ ਹੀ ਸਰੀਰਕ ਲੋਹ-ਅੰਸ਼ ਜ਼ਿਆਦਾ ਹੁੰਦਾ ਹੈ ਤੇ ਸਹਿਜੇ ਹੀ ਘੁਲ ਮਿਲ ਜਾਂਦਾ ਹੈ। ਜਿਨ੍ਹਾਂ ਬਰਤਨਾਂ ਵਿਚ ਖੁਰਦਰਾਪਣ ਜ਼ਿਆਦਾ ਹੁੰਦਾ ਹੈ ਉਨ੍ਹਾਂ ਵਿਚ ਇਹ ਲੋਹ-ਅੰਸ਼ ਘਟ ਹੁੰਦਾ ਹੈ। ਅਤੇ ਉਨ੍ਹਾਂ ਨੂੰ ਜ਼ੰਗ ਵੀ ਜ਼ਿਆਦਾ ਪਕੜਦਾ ਹੈ।

ਇਸ ਰਾਟ (ਸ਼ੁਧ) ਆਇਰਨ ਵਿਚ ਲੋਹੇ ਤੋਂ ਇਲਾਵਾ ਜੋ ਥੋੜੀ ਜਿਹੀ ਮਾਤ੍ਰਾ ਸਲਫ਼ਰ, ਸਿਲਿਕਨ, ਕਾਰਬਨ ਆਦਿ ਦੀ ਰਹਿ ਜਾਂਦੀ ਹੈ ਉਹ ਕੁਦਰਤੀ ਹੈ ਤੇ ਉਹ ਵੀ ਲਾਭਦਾਇਕ ਹੀ ਹੁੰਦੀ ਹੈ।

(ੲ) ਸਟੀਲ (Steel) ਲੋਹੇ ਦੀ ਤੀਜੀ ਕਿਸਮ ਸਟੀਲ ਹੈ। ਸਟੀਲ ਵਿਚ ਕਾਰਬਨ ਦੀ ਮਾਤ੍ਰਾ 0.2 ਤੋਂ 2.0ਫ਼ੀ ਸਦੀ ਤਕ ਰਖੀ ਜਾਂਦੀ ਹੈ, ਜਦ ਕਿ ਕੱਚੇ ਲੋਹੇ ਵਿਚ ਇਹ 4.5ਫ਼ੀ ਸਦੀ ਤਕ ਹੁੰਦੀ ਹੈ ਤੇ ਰਾਟ (ਸ਼ੁੱਧ) ਆਇਰਨ ਵਿਚ ਜ਼ਿਆਦਾ ਤੋਂ ਜ਼ਿਆਦਾ ਇਹ ਮਾਤ੍ਰਾ 0.2ਫ਼ੀ ਸਦੀ ਰਖੀ ਜਾਂਦੀ ਹੈ। ਦਰ-ਅਸਲ ਸਟੀਲ ਜਾਂ ਤਾਂ ਰਾਟ (ਸੁਧ) ਆਇਰਨ ਵਿਚ ਕਾਰਬਨ ਮਿਲਾ ਕੇ ਬਣਾਇਆ ਜਾਂਦਾ ਹੈ ਜਾਂ ਜਾਂ ਕੱਚੇ ਲੋਹੇ ਵਿਚੋਂ ਕਾਰਬਨ ਦੀ ਮਾਤ੍ਰਾ ਘਟਾ ਕੇ ਬਣਾਇਆ ਜਾਂਦਾ ਹੈ। ਇਹ ਸਟੀਲ ਆਮ ਤੌਰ ਤੇ ਬਜ਼ਾਰ ਵਿਚ ਨਹੀਂ ਮਿਲਦਾ ਤੇ ਨਾ ਹੀ ਨਿਰੋਲ ਇਸ ਦੇ ਬਰਤਨ ਬਣਾਏ ਜਾਂਦੇ ਹਨ। ਸਟੀਲ ਵਿਚ ਲਚਕ ਅਤੇ ਮੁਲਾਇਮਤਾ ਜ਼ਿਆਦਾ ਹੁੰਦੀ ਹੈ। ਸਟੀਲ ਵਿਚ ਕੁਝ ਹੋਰ ਧਾਤਾਂ ਮਿਲਾ ਕੇ ਬਰਤਨ ਅਤੇ ਹੋਰ ਔਜ਼ਾਰ ਬਣਾਏ ਜਾਂਦੇ ਹਨ।

**ਬਨਾਵਟੀ ਸਟੀਲ** (Alloy of Steel)

ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਆਮ ਬਰਤਨ ਸਟੀਲ ਦੇ ਨਹੀਂ ਬਣਾਏ ਜਾਂਦੇ ਸਗੋਂ ਜਿਸ ਤਰ੍ਹਾਂ ਦੇ ਬਰਤਨ ਜਾਂ ਔਜ਼ਾਰ ਬਣਾਏ ਜਾਣੇ ਲੋੜੀਦੇ ਹੋਣ ਉਸ ਮੁਤਾਬਕ ਸਟੀਲ ਵਿਚ ਹੋਰ ਧਾਤੂਆਂ ਮਿਲਾ ਕੇ ਨਵਾਂ ਧਾਤੂ ਬਣਾਇਆ ਜਾਂਦਾ ਹੈ। ਇਸ ਨਵੇਂ



www.AKJ.Org

ਬਣੇ ਧਾਤੂ ਨੂੰ ਬਨਾਵਟੀ ਸਟੀਲ (Alloy of Steel) ਦਾ ਨਾਂ ਦਿਤਾ ਗਿਆ ਹੈ। ਨਿਕਲ ਧਾਤੂ ਮਿਲਣ ਤੇ ਨਿਕਲ ਸਟੀਲ, ਕੋਬਾਲਟ ਧਾਤੂ ਮਿਲਾਣ ਤੇ ਕੋਬਾਲਟ ਸਟੀਲ, ਆਦਿ ਬਣਾਏ ਜਾਂਦੇ ਹਨ। ਇਸ ਤਰ੍ਹਾਂ ਜਦ ਸਟੀਲ ਵਿਚ ਕਰੋਮੀਅਮ ਧਾਤੂ ਦੀ ਮਾਤ੍ਰਾ ਮਿਲਾ ਕੇ ਨਵਾਂ ਮਿਲਾਵਟੀ ਧਾਤੂ ਬਣਾਇਆ ਜਾਂਦਾ ਹੈ ਤਾਂ ਇਸ ਤੋਂ ਬਣੇ ਨਵੇਂ ਧਾਤੂ ਨੂੰ (Stainless Steel) ਸਟੇਨਲੈਸ ਸਟੀਲ ਕਿਹਾ ਜਾਂਦਾ ਹੈ।

**ਸਟੇਨ ਲੈਸ ਸਟੀਲ** (Stainless Steel)

ਜੇ ਕਰ ਸਟੀਲ ਵਿਚ 11 ਤੋਂ 15 ਫ਼ੀ ਸਦੀ ਤਕ ਕਰੋਮੀਅਮ ਧਾਤੂ ਮਿਲਾਇਆ ਜਾਏ ਤਾਂ ਇਸ ਮਿਲਾਵਟੀ ਧਾਤੂ ਨੂੰ ਸਟੇਨਲੈਸ ਸਟੀਲ ਕਹਿੰਦੇ ਹਨ। ਇਸ ਵਿਚ 0.10 ਫ਼ੀ ਸਦੀ ਕਾਰਬਨ ਮਿਲਾ ਦਿਤਾ ਜਾਂਦਾ ਹੈ। ਇਸ ਤੇ ਪਾਣੀ, ਹਵਾ ਦਾ ਕੋਈ ਅਸਰ ਨਹੀਂ ਹੁੰਦਾ, ਨਾ ਇਸ ਨੂੰ ਜ਼ੰਗ ਲਗਦਾ ਹੈ। ਇਸਦੀ ਚਮਕ ਵੀ ਵਧ ਜਾਂਦੀ ਹੈ। ਸਾਰੇ ਬਰਤਨ ਇਸੇ ਦੇ ਹੀ ਬਣਾਏ ਜਾਂਦੇ ਹਨ। ਅਸੀਂ ਆਮ ਕਰਕੇ ਸਟੀਲ ਦੇ ਬਰਤਨ ਕਹਿ ਦੇਂਦੇ ਹਾਂ, ਪਰ ਅਸਲ ਵਿਚ ਇਹ ਬਰਤਨ ਸਟੇਨਲੈਸ ਸਟੀਲ ਦੇ ਹੁੰਦੇ ਹਨ।

ਇਹ ਤਾਂ ਸਪੱਸ਼ਟ ਹੈ ਕਿ ਸਟੇਨਲੈਸ ਸਟੀਲ ਇਕ ਮਿਲਾਵਟੀ ਧਾਤ ਹੈ। ਇਸ ਨੂੰ ਸਰਬ ਲੋਹ ਨਹੀਂ ਕਿਹਾ ਜਾ ਸਕਦਾ। ਕਈ ਵੀਰ ਲੋਹੇ ਦੀ ਕੜਾਹੀ ਵਿਚ ਪਿਤਲ ਦੀ ਇਕ ਮੇਖ ਜਾਂ ਪਿਤਲ ਦਾ ਟਾਂਕਾ ਵੇਖ ਕੇ ਉਸ ਨੂੰ ਰੱਦ ਕਰ ਦੇਂਦੇ ਹਨ, ਪਰ ਜਿਸ ਸਟੇਨਲੈਸ ਸਟੀਲ ਵਿਚ 11 ਤੋਂ 14 ਫ਼ੀ ਸਦੀ ਤਕ ਕਰੋਮੀਅਮ ਧਾਤੂ ਦੀ ਮਿਲਾਵਟ ਹੁੰਦੀ ਹੈ, ਉਸ ਨੂੰ ਸਰਬ ਲੋਹ ਕਿਵੇਂ ਕਿਹਾ ਜਾ ਸਕਦਾ ਹੈ।

**ਸਰਬ ਲੋਹ :–**

ਸਰਬ-ਲੋਹ ਇਕ ਜੁੜਤ ਸ਼ਬਦ ਹੈ। ਸਰਬ ਤੋਂ ਭਾਵ ਹੈ ਸਾਰਾ, ਖ਼ਾਲਸ, ਤੇ ਲੋਹ ਤੋਂ ਭਾਵ ਹੈ ਲੋਹਾ। ਸਰਬ ਲੋਹ ਤੋਂ ਅਰਥ ਬਣਿਆ ਖ਼ਾਲਸ ਲੋਹਾ। ਹੁਣ ਜਦ ਸਟੇਨਲੈਸ ਸਟੀਲ ਵਿਚ 11 ਤੋਂ 14 ਫ਼ੀ ਸਦੀ ਤਕ ਕਰੋਮੀਅਮ ਧਾਤੂ ਮਿਲੀ ਹੈ ਤਾਂ ਇਸ ਨੂੰ ਖ਼ਾਲਸ ਲੋਹਾ ਅਥਵਾ ਸਰਬਲੋਹ ਨਹੀਂ ਕਿਹਾ ਜਾ ਸਕਦਾ।

**ਸਟੇਨਲੈਸ ਸਟੀਲ ਅਤੇ ਸਰਬ ਲੋਹ–**

ਗੁਣਾਂ ਕਰਕੇ ਵੀ ਸਟੇਲਲੈਸ-ਸਟੀਲ ਅਤੇ ਸਰਬ-ਲੋਹ ਵਿਚ ਬਹੁਤ ਅੰਤਰ ਹੈ। ਸਰਬ-ਲੋਹ ਸ਼ੁਧ ਲੋਹਾ ਹੈ ਤੇ ਇਸ ਲੋਹੇ ਵਿਚ ਘੁਲਣ-ਸ਼ਕਤੀ ਹੈ। ਇਹ ਲੋਹਾ ਸਹਿਜੇ ਹੀ ਅਸਾਨੀ ਨਾਲ ਪਾਣੀ ਵਿਚ, ਅਤੇ ਰਗੜ ਨਾਲ ਘੁਲਦਾ ਰਹਿੰਦਾ ਹੈ। ਸਰਬ-ਲੋਹ ਦੀ ਸਬਜ਼ੀ ਦੀ ਰੰਗਤ ਕੁਝ ਕਾਲੀ ਹੋਣ ਦਾ ਵਿਸ਼ੇਸ਼ ਕਾਰਨ ਵੀ ਇਹੋ ਹੈ ਕਿ ਇਹ ਸ਼ੁੱਧ ਲੋਹੇ ਦੀ ਰਗੜ ਖਾ ਖਾ ਕੇ ਸਬਜ਼ੀ ਵਿਚ ਘੁਲਦਾ ਰਹਿੰਦਾ ਹੈ। ਇਹ ਲੋਹ-ਅੰਸ਼ ਮਨੁੱਖੀ ਸਰੀਰ ਲਈ ਬਹੁਤ ਜ਼ਰੂਰੀ ਤੇ ਲੋੜੀਂਦਾ ਹੈ, ਜੋ ਸਹਿਜੇ ਹੀ ਸਰੀਰ ਵਿਚ ਖ਼ੁਰਾਕ ਦੇ ਨਾਲ ਘੁਲ ਮਿਲ ਜਾਂਦਾ ਹੈ। ਸਰਬ-ਲੋਹ ਦੀ ਕੜਾਹੀ ਵਿਚ ਬਣੀ ਕਾਲੀ ਸਬਜ਼ੀ ਵਿਚ ਸਰਬਲੋਹੀ ਸ਼ਕਤੀ ਹੁੰਦੀ ਹੈ। ਇਸ ਦੇ ਉਲਟ ਸਟੇਨਲੈਸ ਸਟੀਲ ਵਿਚ ਇਹ ਗੁਣ ਉਕਾ ਹੀ ਨਹੀਂ ਹੈ।

ਇਹ ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਧਰਮ ਅਸਥਾਨਾਂ (ਗੁਰਦੁਆਰਿਆਂ) ਵਿਚੋਂ ਸਰਬ ਲੋਹ ਦੇ ਭਾਂਡਿਆਂ ਨੂੰ ਤਿਲਾਂਜਲੀ ਦਿਤੀ ਜਾ ਰਹੀ ਹੈ। ਸਰਬ ਲੋਹ ਦੇ ਪਤੀਲਿਆਂ, ਕੜਾਹੀਆਂ, ਪਰਾਤਾਂ, ਬਾਟਿਆਂ ਆਦਿ ਦੀ ਥਾਂ ਪਿਤਲ ਦੇ ਪਤੀਲਿਆਂ ਤੇ ਪਰਾਤਾਂ ਨੂੰ ਅਤੇ ਸਟੇਨਲੈਸ ਸਟੀਲ ਦੇ ਬਰਤਨਾਂ ਨੂੰ ਮਹਾਨਤਾ ਦਿਤੀ ਜਾ ਰਹੀ ਹੈ। ਦਸਮੇਸ਼ ਪਿਤਾ ਜੀ ਨੇ ਲੰਗਰ ਵਿਚ ਜੋ ਸਰਬ-ਲੋਹੀ ਸ਼ਕਤੀ ਦਾ ਸਿੰਚਾਰ ਕਰ ਕੇ ਸਰੀਰਕ ਤੇ ਆਤਮਕ ਬਲ ਖ਼ਾਲਸੇ ਨੂੰ ਬਖਸ਼ਸ਼ ਕੀਤੀ ਸੀ, ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ ਤੋਂ ਉਲਟ ਚਲ ਕੇ ਇਸ ਸ਼ਕਤੀ ਤੋਂ ਵਿਰਵੇ ਹੋ ਰਹੇ ਹਾਂ।

ਇਸੇ ਤਰ੍ਹਾਂ ਸਰਬ ਲੋਹ ਦੇ ਬਰਤਨਾਂ ਵਿਚ ਪੂਰੀ ਸਵੱਛਤਾ ਨਾਲ ਸਜਾਈ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਵੀ ਕੋਈ ਗ਼ੈਬੀ ਕਲਾ ਵਰਤਦੀ ਹੈ। ਦੇਗਾਂ ਸਜਾਣ ਸਮੇਂ ਨਾਲ ਨਾਲ ਜੋ ਬਾਣੀ ਦਾ ਪਾਠ ਕੀਤਾ ਜਾਂਦਾ ਹੈ, ਉਸ ਨਾਲ ਉਸ ਵਿਚ ਹੋਰ ਵੀ ਪਾਰਸ-ਕਲਾ ਵਰਤ ਜਾਂਦੀ ਹੈ ਅਤੇ ਸ਼ਰਧਾ-ਭਾਵਨੀ ਸਹਿਤ ਛਕਣਹਾਰਿਆਂ ਨੂੰ ਨਾਮ-ਰੰਗਾਂ ਵਿਚ ਰੰਗ ਦੇਂਦੀ ਹੈ।


www.AKJ.Org

# ਹੁਣ ਆ ਕੇ ਬਰਖ਼ੁਰਦਾਰਾਂ ਨੂੰ ਅੰਮ੍ਰਿਤ ਦੀ ਬੂੰਦ ਪਿਆ ਦੇਵੋ

[ਵਲੋਂ :—ਸ: ਦੇਵਾ ਸਿੰਘ ਜੀ 'ਕਿਰਤੀ', ਅੰਮ੍ਰਿਤਸਰ]

ਕਿਥੇ ਸੀ ਅੰਮ੍ਰਿਤ-ਧਾਰਾਂ ਨੇ ਸੜਦੇ ਮਨ ਸੀਤ ਕਰਾ ਦਿਤੇ !
ਹੁਣ ਆ ਕੇ ਬਰਖ਼ੁਰਦਾਰਾਂ ਨੂੰ ਅੰਮ੍ਰਿਤ ਦੀ ਬੂੰਦ ਪਿਆ ਦੇਵੋ।
ਕਿਥੇ ਸੀ ਗੁਰ-ਉਪਕਾਰਾਂ ਨੇ ਰੋਂਦੇ ਸਨ ਧੀਰ ਧਰਾ ਦਿਤੇ !
ਹੁਣ ਆ ਕੇ ਪਰਉਪਕਾਰਾਂ ਨੂੰ ਮੁੜ ਕੇ ਫਿਰ ਯਾਦ ਕਰਾ ਦੇਵੋ।
ਕਿਥੇ ਸੀ ਬਰਖ਼ੁਰਦਾਰਾਂ ਨੇ ਨੀਂਹਾਂ ਵਿਚ ਧਰਮ ਨਿਭਾ ਦਿਤੇ !
ਹੁਣ ਆ ਕੇ ਅਸਾਂ ਗਵਾਰਾਂ ਨੂੰ ਅਣਖਾਂ ਦਾ ਜੀਣ ਸਿਖਾ ਦੇਵੋ।
ਕਿਥੇ ਸੀ ਜਥੇਦਾਰਾਂ ਨੇ ਸਿਰ ਦੇ ਕੇ ਬਚਨ ਨਿਭਾ ਦਿਤੇ !
ਹੁਣ ਆ ਕੇ ਜਥੇਦਾਰਾਂ ਨੂੰ ਮਿਲ ਬੈਠਣ ਜਾਚ ਸਿਖਾ ਦੇਵੋ।
ਕਿਥੇ ਸੀ ਸੇਵਾਦਾਰਾਂ ਨੇ ਸੇਵਾ ਕਰ ਭਾਰ ਚੁਕਾ ਦਿਤੇ !
ਹੁਣ ਆ ਕੇ ਸੇਵਾਦਾਰਾਂ ਨੂੰ ਸੇਵਾ ਦੇ ਫ਼ਰਜ਼ ਜਤਾ ਦੇਵੋ।
ਕਿਥੇ ਸੀ ਸ਼ਾਹ-ਸਵਾਰਾਂ ਨੇ ਹਾਥੀ ਵੀ ਮੋੜ ਵਿਖਾ ਦਿਤੇ !
ਹੁਣ ਆ ਕੇ ਸ਼ਾਹ-ਸਵਾਰਾਂ ਨੂੰ ਆਪੋ ਵਿਚ ਲੜਨ ਛੁਡਾ ਦੇਵੋ।
ਕਿਥੇ ਸੀ ਸਿੰਘ ਸਰਦਾਰਾਂ ਨੇ ਦੁਸ਼ਮਨ ਨੂੰ ਚੰਨੇ ਚਬਾ ਦਿਤੇ !
ਹੁਣ ਆ ਕੇ ਸਿੰਘ ਸਰਦਾਰਾਂ ਨੂੰ ਸਿਖੀ ਦੇ ਰਸਤੇ ਪਾ ਦੇਵੋ।
ਕਿਥੇ ਸੀ ਸਚ-ਪਿਆਰਾਂ ਨੇ ਦੁਸ਼ਮਨ ਨੂੰ ਨੀਰ ਪਿਆ ਦਿਤੇ !
ਹੁਣ 'ਕਿਰਤੀ' ਜਿਹੇ ਗਵਾਰਾਂ ਦੇ ਆਪੋ ਵਿਚ ਵੈਰ ਮਿਟਾ ਦੇਵੋ।

---

# ਇਹ ਬਾਣੀ ਹੈ ਅਰਸ਼ੀ ਬਾਣੀ

[ਵਲੋਂ :—ਭਾਈ ਭਜਨ ਸਿੰਘ ਜੀ ਭਿੰਡਰ]

ਇਹ ਬਾਣੀ ਹੈ ਅਰਸ਼ੀ ਬਾਣੀ, ਕਲ ਕਲੇਸ਼ ਮਿਟਾਵੇ ਇਹ।
ਲੋਕ ਪਰਲੋਕ 'ਚ ਧੁਰ ਕੀ ਬਾਣੀ, ਸਿਖ ਦੀ ਲਾਜ ਰਖਾਵੇ ਇਹ।
ਦੁੱਧ ਪੁੱਤ ਵੀ ਬਖ਼ਸ਼ਣਹਾਰੀ, ਜ਼ਾਹਰੀ ਕਲਾ ਦਿਖਾਵੇ ਇਹ।
ਚੋਰਾਸੀ ਦੇ ਗੇੜੇ ਕਟਦੀ, ਸਚਖੰਡ ਵਿਚ ਪੁਚਾਵੇ ਇਹ।੧।
ਬਾਣੀ ਇਹ ਅਕਾਲੀ ਵੀਰੋ, ਨਾਲ ਅਕਾਲ ਮਿਲਾ ਦੇਂਦੀ।
ਭਰਮ ਭੁਲੇਖੇ ਸਾਰੇ ਕਟ ਕੇ, ਸਿਧੇ ਰਸਤੇ ਪਾ ਦੇਂਦੀ।
ਸ਼ਰਧਾ ਨਾਲ ਪੜ੍ਹੇ ਜੋ ਇਸਨੂੰ, ਸਾਰੇ ਰੋਗ ਗਵਾ ਦੇਂਦੀ।
'ਭਜਨ' ਪਾਠ ਜੋ ਪ੍ਰੇਮੀ ਕਰਦਾ, ਜੀਵਨ-ਮੁਕਤ ਕਰਾ ਦੇਂਦੀ।੨।
"ਵਿਣ ਭਾਗਾਂ ਸਤਿਸੰਗੁ ਨ ਲਭੈ", ਭਾਗਹੀਣ ਨ ਬਾਣੀ ਗਾਵੇ।
ਮਾਣਸ ਜਨਮ ਦੁਲਭ ਹੈ ਭਾਈ, ਮਨਮੁਖ ਐਵੇਂ ਜਨਮ ਗਵਾਵੇ।
ਨਾਮ ਬਿਨਾ ਨਰ ਢੋਰ ਹੈ ਜਾਣੋ, ਜਨਮ ਮਰਨ ਦੇ ਗੇੜੇ ਖਾਵੇ।
ਵਿਣ ਭਾਗਾਂ ਨਹੀਂ ਅੰਮ੍ਰਿਤ ਮਿਲਦਾ, ਭਟਕ ਭਟਕ ਕੇ ਚੋਟਾਂ ਖਾਵੇ।੩।



www.AKJ.Org

# ਇੱਕ ਗੁਰਮੁਖ ਮਾਈ

[ਵਲੋਂ :—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ]

ਸੰਨ ੧੪੮੭ ਈਸਵੀ ਨੂੰ ਗੁਰੂ ਨਾਨਕ ਦੇਵ ਜੀ, (ਮਾਤਾ) ਸੁਲੱਖਣੀ ਜੀ ਨੂੰ ਵਿਆਹੁਣ ਲਈ ਬਟਾਲੇ ਢੁਕੇ ਸਨ। ਉਨ੍ਹਾਂ ਦੇ ਸਹੁਰਾ ਸਾਹਿਬ, ਬਾਬਾ ਮੂਲ ਚੰਦ ਜੀ, ਵੇਦਿਕ ਰੀਤੀ ਨਾਲ ਵਿਆਹ ਕਰਨਾ ਚਾਹੁੰਦੇ ਸਨ, ਜੋ ਗੁਰੂ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਜੋ ਸੱਚ ਦਾ ਝੰਡਾ ਲੈ ਕੇ ਇਸ ਸੰਸਾਰ ਤੇ ਆਏ ਸਨ, ਉਨ੍ਹਾਂ ਨੇ ਉਸ ਸਮੇਂ ਜੋ ਉੱਤਰ ਦਿੱਤਾ ਸੀ, ਉਹ ਅਸੀਂ ਬਾਬਾ ਸੁੰਦਰ ਸਿੰਘ ਜੀ ਦੀ ਕਲਮ ਤੋਂ ਲਿਖਦੇ ਹਾਂ :—

ਕਹਿੰਦੇ ਗੁਰੂ ਜੀ 'ਇਕ ਅਕਾਲ ਬਾਝੋਂ,
ਦੇਵੀ ਦੇਵਤੇ ਹੋਰ ਨਾ ਮੰਨਦੇ ਹਾਂ।
ਇਕੋ ਮੂਲ ਤਾਈਂ ਪਾਣੀ ਪਾਵੰਦੇ ਹਾਂ,
ਸੁਰਤ ਕਰਨਹਾਰੇ ਵਿਚ ਬੰਨ੍ਹਦੇ ਹਾਂ।
ਪਾਣੀ ਕੂਮਲੀ ਪਾਏ ਨਾ ਮਿਲੇ ਮੇਵਾ,
ਝੂਠੀ ਮੂਰਤੀ ਦੇ ਤਾਈਂ ਭੰਨਦੇ ਹਾਂ।
ਅਸੀਂ ਕਿਸੇ ਦੀ ਆਣ ਨਾ ਕਾਣ ਕਰਨੀ,
ਬਣਦੇ ਨਹੀਂ ਪੂਜਕ ਸੂਰਜ ਚੰਨ ਦੇ ਹਾਂ।
ਜਿਸ ਰੀਤ ਕੀਤੇ ਸਾਹਿਬ ਵਿਸਰ ਵਿਛੜੇ,
ਓਸ ਰੀਤ ਨੂੰ ਸਾੜ ਕੇ ਭੰਨਦੇ ਹਾਂ।
ਸੁੰਦਰ ਸਿੰਘ ਗਨੇਸ਼ ਮਹੇਸ਼ ਵਾਲੇ,
ਮੰਤ੍ਰ ਨਹੀਂ ਸੁਣਦੇ ਵਿਚ ਕੰਨ ਦੇ ਹਾਂ।
[ਦਸ ਗੁਰੂ ਜੋਤ ਪ੍ਰਕਾਸ਼, ਪੰਨਾ ੪੩

ਇਹ ਸੁਣ ਕੇ ਬਾਬਾ ਮੂਲ ਚੰਦ ਜੀ ਨਾਰਾਜ਼ ਹੋ ਗਏ। ਉਨ੍ਹਾਂ ਦੇ ਕੁਝ ਰਿਸ਼ਤੇਦਾਰਾਂ ਨੇ ਵੀ ਭੜਕਾ ਦਿਤਾ ਕਿ ਤੁਸਾਂ ਮੁੰਡਾ ਚੰਗਾ ਲਭਾ ਹੈ, ਜੋ ਸਾਡੀ ਕਿਸੇ ਰੀਤ ਨੂੰ ਨਹੀਂ ਮੰਨਦਾ। ਬਾਬਾ ਮੂਲ ਚੰਦ ਜੀ ਨੇ ਗੁੱਸਾ ਖਾ ਕੇ ਜੰਞ ਦਾ ਉਤਾਰਾ, ਇਕ ਕੱਚੀ ਕੰਧ ਪਾਸ ਕਰਵਾ ਦਿੱਤਾ, ਜੋ ਡਿਗਣ ਵਾਲੀ ਹੋਈ ਹੋਈ ਸੀ। ਗੁਰੂ ਸਾਹਿਬ ਨੂੰ ਐਨ ਕੰਧ ਥਲੇ ਬੈਠਾਇਆ ਗਿਆ। ਖ਼ਿਆਲ ਇਹ ਕੀਤਾ ਕਿ ਕੰਧ ਧੱਕਾ ਦੇ ਕੇ ਮੁੰਡੇ ਉੱਪਰ ਗਿਰਾ ਦਿੱਤੀ ਜਾਏਗੀ। ਇਸ ਤਰ੍ਹਾਂ ਮੁੰਡਾ ਖ਼ਤਮ ਹੋ ਜਾਏਗਾ ਅਤੇ ਅਸੀਂ ਖਪ ਪਾ ਦੇਵਾਂਗੇ ਕਿ ਅਚਾਨਕ ਹਾਦਸਾ ਹੋ ਗਿਆ ਹੈ। ਇਸ ਤਰ੍ਹਾਂ ਅਸੀਂ ਅਜਿਹੇ ਮੁੰਡੇ ਨਾਲ, ਜੋ ਵੇਦਿਕ ਰੀਤੀ ਦੇ ਵਿਰੁਧ ਹੈ, ਆਪਣੀ ਲੜਕੀ ਦਾ ਵਿਆਹ ਕਰਨ ਤੋਂ ਬਚ ਜਾਵਾਂਗੇ।

ਕੱਚੀ ਕੰਧ ਦੇ ਪਾਸ ਹੀ ਇਕ ਬੁੱਢੀ ਮਾਈ ਦਾ ਘਰ ਸੀ। ਉਹ, ਬਾਬਾ ਮੂਲ ਚੰਦ ਦੀ ਸਾਰੀ ਚਾਲ ਸਮਝ ਗਈ। ਗੁਰੂ ਸਾਹਿਬ ਨੂੰ ਲਗਾਤਾਰ ਦੇਖੀ ਜਾ ਰਹੀ ਸੀ ਅਤੇ ਉਸ ਦਾ ਮਨ ਪਸੀਜ ਗਿਆ ਤੇ ਵਿਚਾਰਨ ਲਗੀ, 'ਹੈਂ! ਇਤਨਾ ਸੋਹਣਾ ਨੀਂਗਰ ਮਾਰ ਦਿੱਤਾ ਜਾਏਗਾ? ਇਹ ਕਦੀ ਨਹੀਂ ਹੋਏਗਾ।' ਮੈਂ ਜ਼ਰੂਰ ਬਚਾਉਣ ਦੀ ਕੋਸ਼ਸ਼ ਕਰਾਂਗੀ। ਉਸ ਨੇ ਗੁਰੂ ਸਾਹਿਬ ਨੂੰ ਕਿਹਾ—"ਕਾਕਾ ਜੀ! ਇਹ ਕੰਧ ਡਿਗਣ ਵਾਲੀ ਹੈ। ਇਥੋਂ ਉਠ ਖਲੋਵੋ। ਮੇਰੇ ਘਰ ਚਲੋ। ਜੰਞ ਵੀ ਨਾਲ ਲੈ ਚਲੋ। ਮੈਂ ਤੁਹਾਡੀ ਸਾਰਿਆਂ ਦੀ ਸੇਵਾ ਕਰਾਂਗੀ।"

ਮਾਈ ਪਾਸੋਂ ਇਹ ਹਮਦਰਦੀ ਤੇ ਪਿਆਰ ਵਾਲੇ ਲਫ਼ਜ਼ ਸੁਣ ਕੇ ਗੁਰੂ ਸਾਹਿਬ ਜੀ, ਮਿਹਰਾਂ ਦੇ ਘਰ ਆਏ। ਉਨ੍ਹਾਂ ਨੇ ਅਜਿਹੀ ਤਕਣੀ ਨਾਲ ਤਕਿਆ ਕਿ ਮਾਈ ਨਦਰੀ ਨਦਰ ਨਿਹਾਲ ਹੋ ਗਈ। ਉਸ ਦੇ ਜਨਮ ਜਨਮਾਂਤਰਾਂ ਦੇ ਬੰਧਨ ਕਟੇ ਗਏ। ਰੋਮ ਰੋਮ ਠਰ ਗਿਆ। ਗੁਰੂ ਸਾਹਿਬ, ਉਸ ਨੂੰ ਕੋਈ ਮਹਾਨ ਔਲੀਆ ਨਜ਼ਰ ਆਏ। ਗੁਰੂ ਸਾਹਿਬ ਨੇ ਮਾਈ ਨੂੰ ਉੱਤਰ ਦਿੱਤਾ—"ਮਾਈ! ਇਹ ਕੰਧ ਨਹੀਂ ਡਿਗੇਗੀ। ਇਹ ਸਾਡੇ ਵਿਆਹ ਦੀ ਅਮਰ ਯਾਦਗਾਰ ਕਾਇਮ ਰਹੇਗੀ। ਅਸੀਂ ਇਥੇ ਹੀ ਅਕਾਲ ਪੁਰਖ ਦੇ ਭਾਣੇ ਵਿਚ ਖੁਸ਼ ਹਾਂ।"

ਇਹ ਸੁਣ ਕੇ ਮਾਈ, ਜਿਸ ਨੂੰ ਹੁਣ ਗੁਰਮੁਖ ਮਾਈ ਕਹਿਣਾ ਜ਼ਿਆਦਾ ਵਾਜਬ ਹੈ, ਉਸ ਦੇ ਹਿਰਦੇ ਵਿਚ ਗੁਰੂ ਸਾਹਿਬ ਦੀ ਸੇਵਾ ਕਰਨ ਦਾ ਚਾਉ ਪਹਿਲੋਂ ਤੋਂ ਵੀ ਜ਼ਿਆਦਾ ਉਪਜਿਆ। ਜੋ ਇਹ



www.AKJ.Org

ਮੇਰੇ ਘਰ ਆਉਣਾ ਨਹੀਂ ਮੰਨਦੇ ਤਾਂ ਮੈਂ ਇਥੇ ਬੈਠਿਆਂ ਹੀ ਤਾਂ ਇਨ੍ਹਾਂ ਦੀ ਸੇਵਾ ਕਰ ਸਕਦੀ ਹਾਂ। ਉਹ ਫ਼ੌਰਨ ਘਰ ਗਈ। ਆਪਣੇ ਪੁੱਤਰ ਮਿਹਰ ਚੰਦ ਨੂੰ ਨਾਲ ਲਿਆ। ਫਿਰ ਦੋਹਾਂ ਮਾਂ ਪੁੱਤਰਾਂ ਨੇ ਕਿਵੇਂ ਸੇਵਾ ਨਿਭਾਉਣੀ ਸ਼ੁਰੂ ਕੀਤੀ ? ਗਿਆਨੀ ਉਤਮ ਸਿੰਘ ਪਾਤਰ ਲਿਖਦੇ ਹਨ ਕਿ ਸਲ੍ਹਾਬੇ ਕਰਕੇ ਵਿਛੀਆਂ ਹੋਈਆਂ ਦਰੀਆਂ ਗੜੁੱਚ ਹੋ ਗਈਆਂ ਸਨ। ਸੇਵਾ ਦਾ ਮੌਕਾ ਜਾਣ ਕੇ ਮਿਹਰ ਚੰਦ ਨੇ ਅੰਦਰੋਂ ਛਾਪੇ ਹੋਏ ਅੰਬਰੇ, ਚਾਦਰਾਂ, ਪਲੰਘ-ਪੋਸ਼, ਦਰੀਆਂ, ਖੇਸ ਸਭ ਲਿਆ ਕੇ ਵਿਛਾ ਦਿਤੇ। ਉਸ ਦਾ ਮਾਤਾ (ਹਜ਼ੂਰ) ਲਾੜੇ ਨੂੰ ਪਖਾ ਝਲਦੀ ਰਹੀ, ਕਿਉਂਕਿ ਹੁਸੜ ਬੜਾ ਸੀ। [ਬਖਸ਼ਿੰਦ ਨਾਨਕ, ਪੰਨਾ ੨੭

ਇਹ ਮਹਾਨ ਤੇ ਉਚੇ ਦਰਜੇ ਵਾਲੀ ਸੇਵਾ ਦੇਖ ਕੇ ਗੁਰੂ ਸਾਹਿਬ ਉਨ੍ਹਾਂ ਤੇ ਬਹੁਤ ਪ੍ਰਸੰਨ ਹੋਏ। ਦੋਹਾਂ ਮਾਂ ਪੁਤਰਾਂ ਨੂੰ ਕਹਿਓ ਨੇ, "ਧੰਨ ਆਪ ਦਾ ਪਿਆਰ! ਅਕਾਲ ਪੁਰਖ ਦੀਆਂ ਬਖ਼ਸ਼ਸ਼ਾਂ ਹੋਣ।"

ਮਾਂ ਪੁਤਰਾਂ ਨੇ ਹਥ ਜੋੜ ਕੇ ਬਿਨੈ ਕੀਤੀ, "ਦਾਤਾ ਜੀ! ਜੇ ਤੁਠੇ ਹੋ ਤਾਂ ਅਕਾਲ ਪੁਰਖ ਦੇ ਲੜ ਲਾ ਦਿਓ। ਲੁੜੀਂਦੀਆਂ ਦੁਨਿਆਵੀ ਸ਼ੈਆਂ ਤਾਂ ਆਪ ਦੀ ਬਖ਼ਸ਼ਸ਼ ਨਾਲ ਪ੍ਰਾਪਤ ਹਨ।"

ਗੁਰੂ ਸਾਹਿਬ—ਤੁਸੀਂ ਧੰਨ ਅਤੇ ਧੰਨ ਤੁਹਾਡਾ ਪਿਆਰ! ਤੁਸਾਂ ਨੇ ਉਹ ਸ਼ੈਅ ਮੰਗੀ ਹੈ, ਜੋ ਕੋਈ ਵਿਰਲਾ ਭਗਤ-ਜਨ ਹੀ ਮੰਗ ਸਕਦਾ ਹੈ। ਅੱਛਾ, ਜਿਥੇ ਤੁਸੀਂ ਵਾਹਿਗੁਰੂ ਦੇ ਪਿਆਰ ਵਿਚ ਰੰਗੇ ਜਾਉਗੇ, ਉਥੇ ਤੁਹਾਨੂੰ ਮਾਇਆ ਦੀ ਤੋਟ ਵੀ ਨਹੀਂ ਆਏਗੀ।

ਗੁਰੂ ਸਾਹਿਬ ਪਾਸੋਂ ਇਹ ਸ਼ੁਭ ਅਸੀਸਾਂ ਸੁਣ ਕੇ ਦੋਹਾਂ ਮਾਂ ਪੁਤਰਾਂ ਨੇ ਉਨ੍ਹਾਂ ਦੇ ਚਰਨਾਂ ਵਿਚ ਸਿਰ ਝੁਕਾ ਦਿਤਾ, ਅਤੇ ਉਨ੍ਹਾਂ ਨੂੰ ਅਜਿਹੀ ਵਿਸਮਾਦੀ ਦਸ਼ਾ ਵਿਆਪੀ ਜੋ ਕਥਨ ਤੋਂ ਬਾਹਰ ਹੈ।

ਇਧਰ ਬਾਬਾ ਮੂਲ ਚੰਦ ਨੇ ਗੁਰੂ ਸਾਹਿਬ ਉਤੇ ਕੰਧ ਗਿਰਾਉਣ ਦਾ ਇਰਾਦਾ ਕੀਤਾ ਸੀ। ਹੁਣ ਉਸ ਨੇ ਮੌਕਾ ਦੇਖ ਕੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਸ਼ ਕੀਤੀ। ਆਪਣੇ ਕੁਝ ਆਦਮੀਆਂ ਨੂੰ ਇਸ਼ਾਰਾ ਕੀਤਾ ਕਿ ਕੰਧ ਨੂੰ ਧੱਕਾ ਦਿਉ। ਉਨ੍ਹਾਂ ਆਦਮੀਆਂ ਨੇ ਕੰਧ ਨੂੰ ਧੱਕਾ ਦੇਣਾ ਸ਼ੁਰੂ ਕੀਤਾ। ਬਥੇਰਾ ਜ਼ੋਰ ਲਾਇਆ, ਪਰ ਕੰਧ ਟਸ ਤੋਂ ਮਸ ਨ ਹੋਈ ਅਤੇ ਆਪਣੀ ਜਗ੍ਹਾ ਤੋਂ ਜ਼ਰਾ ਨ ਹਿਲੀ। ਇਉਂ ਹੋ ਗਈ ਜਿਉਂ ਕੋਈ ਮਜ਼ਬੂਤ ਲੋਹਾ ਧਰਤੀ ਵਿਚ ਗਡਿਆ ਹੁੰਦਾ ਹੈ।

ਬਾਬਾ ਮੂਲ ਚੰਦ ਜੀ, ਗੁਰੂ ਸਾਹਿਬ ਦੀ ਜ਼ਾਹਰਾ ਕਰਾਮਾਤ ਦੇਖ ਕੇ ਝੁਕ ਗਏ ਅਤੇ ਉਨ੍ਹਾਂ ਦੇ ਚਰਨਾਂ ਵਿਚ ਪੁਜ ਕੇ ਬੇਨਤੀ ਕੀਤੀ—"ਪ੍ਰਭੂ ਦੇ ਪਿਆਰੇ ਜੀਉ, ਮੈਥੋਂ ਅਵੱਗਿਆ ਹੋਈ ਹੈ। ਮੈਂ ਆਪ ਦੀ ਸਾਰ ਨਹੀਂ ਸੀ ਜਾਣੀ। ਮੈਨੂੰ ਹੁਣ ਸੋਝੀ ਆਈ ਹੈ ਕਿ ਤੁਸੀਂ ਸਾਹਿਬੇ ਕਰਾਮਾਤ ਹੋ। ਮੇਰੀਆਂ ਭੁਲਾਂ ਬਖਸ਼ ਦਿਉ। ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ, ਉਸੇ ਤਰ੍ਹਾਂ ਵਿਆਹ ਕਰਾ ਦਿੰਦੇ ਹਾਂ।"

ਗੁਰੂ ਸਾਹਿਬ ਮੁਸਕਰਾਏ ਅਤੇ ਵਿਆਹ ਕਰਨਾ ਸਵੀਕਾਰ ਕਰ ਲਿਆ।

ਇਹ ਵਿਆਹ ਕਿਵੇਂ ਹੋਇਆ ? ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਅੰਮ੍ਰਿਤ ਵੇਲੇ ਇਸ਼ਨਾਨ ਸੋਧਨੇ ਪਿਛੋਂ ਗੁਰੂ ਸਾਹਿਬ ਨੇ ਇਹ ਚੀਜ਼ਾਂ ਲਿਆਉਣ ਲਈ ਹਦਾਇਤ ਕੀਤੀ - ਇਕ ਚੰਦਨ ਦੀ ਚੌਕੀ, ਦੋ ਸਾਫ਼ ਰੁਮਾਲ, ਧੂਪ, ਫੁਲ, ਇਕ ਕਾਗਜ਼ ਅਤੇ ਕਲਮ ਦਵਾਤ। ਜਦੋਂ ਇਹ ਚੀਜ਼ਾਂ ਆ ਗਈਆਂ ਤਾਂ ਗੁਰੂ ਸਾਹਿਬ ਨੇ ਕਾਗਜ਼ ਤੇ ਮੂਲ ਮੰਤਰ '੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਲਿਖਿਆ। ਫਿਰ ਇਹ ਕਗਜ਼, ਚੌਂਕੀ ਤੇ ਰੁਮਾਲ ਵਿਛਾ ਕੇ ਉੱਪਰ ਟਿਕਾ ਦਿੱਤਾ ਅਤੇ ਉਸ ਉਤੇ ਦੂਜਾ ਰੁਮਾਲ ਰਖ ਦਿੱਤਾ। ਫਿਰ ਧੂਪ ਅਤੇ ਫੁਲ ਚੜ੍ਹਾ ਕੇ ਨਮਸਕਾਰ ਕੀਤੀ। ਇਸ ਤੋਂ ਬਾਅਦ (ਮਾਤਾ) ਸੁਲੱਖਣੀ ਜੀ ਨੂੰ ਲਿਆ ਕੇ ਖਬੇ ਪਾਸੇ ਬੈਠਾਇਆ ਗਿਆ।

ਗੁਰੂ ਸਾਹਿਬ ਦਾ ਪਲਾ (ਮਾਤਾ) ਸੁਲੱਖਣੀ ਜੀ ਨੂੰ ਫੜਾਇਆ ਗਿਆ ਅਤੇ ਦੋਹਾਂ ਜੀਆਂ ਨੇ ਮੂਲ ਮੰਤਰ ਗਿਰਦ ਚਾਰ ਲਾਵਾਂ (ਪਰਕਰਮਾਂ) ਲਈਆਂ



www.AKJ.Org

ਅਤੇ ਅਰਦਾਸ ਬੇਨਤੀ ਕਰਕੇ ਮੱਥਾ ਟੇਕ ਦਿੱਤਾ ।†

ਇਸ ਤਰ੍ਹਾਂ ਗੁਰੂ ਸਾਹਿਬ ਦਾ ਵਿਆਹ, (ਮਾਤਾ) ਸੁਲੱਖਣੀ ਜੀ ਨਾਲ ਹੋਇਆ। ਕੱਚੀ ਕੰਧ ਵਾਲੀ ਥਾਂ ਤੇ ਬਾਅਦ ਵਿਚ ਧਰਮਸਾਲਾ ਕਾਇਮ ਹੋਈ। ਗੁਰਮੁਖ ਮਾਈ ਅਤੇ ਉਸ ਦਾ ਪੁੱਤਰ, ਮਿਹਰ ਚੰਦ ਧਰਮਸਾਲਾ ਦੀ ਸੇਵਾ ਨਿਭਾਉਂਦੇ ਰਹੇ। ਆਪ ਨਾਮ ਜਪਦੇ ਅਤੇ ਹੋਰਨਾਂ ਨੂੰ ਜਪਾਉਂਦੇ ਰਹੇ। ਗੁਰਮੁਖ ਮਾਈ, ਆਪਣੀ ਜੀਵਨ-ਯਾਤ੍ਰਾ ਸਮਾਪਤ ਕਰ ਕੇ ਵਾਹਿਗੁਰੂ ਦੇ ਦਰਬਾਰ ਵਿਚ ਜਾ ਬਿਰਾਜੀ। ਪਿਛੋਂ ਭਾਈ ਮਿਹਰ ਚੰਦ ਵੀ ਚੜ੍ਹਾਈ ਕਰ ਗਿਆ। ਭਾਈ ਮਿਹਰ ਚੰਦ ਤੋਂ ਬਾਅਦ, ਉਸ ਦੀ ਔਲਾਦ ਨੇ ਧਰਮਸਾਲਾ ਦੀ ਸੇਵਾ ਸਿਰ ਤੇ ਲੈ ਲਈ। ਪੀੜ੍ਹੀ ਦਰ ਪੀੜ੍ਹੀ ਇਹ ਸੇਵਾ ਹੁੰਦੀ ਆਈ। ਇਹ ਧਰਮਸਾਲਾ (ਜੋ ਅਜ ਗੁਰਦਵਾਰਾ ਕੰਧ ਸਾਹਿਬ ਦੇ ਨਾਮ ਨਾਲ ਸੁਭਾਇਮਾਨ ਹੈ) ਸੰਨ ੧੯੪੮ ਈਸਵੀ ਵਿਚ ਖਾਲਸਾ ਪੰਥ ਦੇ ਹਵਾਲੇ ਕਰ ਦਿੱਤੀ ਗਈ।

---

†ਕੁਝ ਲੋਕਾਂ ਦਾ ਖਿਆਲ ਹੈ ਕਿ ਗੁਰੂ ਸਾਹਿਬ ਦਾ ਵਿਆਹ, ਵੇਦਿਕ ਰੀਤੀ ਨਾਲ ਹੋਇਆ ਸੀ, ਜੋ ਉਨ੍ਹਾਂ ਦੀ ਵੱਡੀ ਭੁਲ ਹੈ। ਜਦ ਗੁਰੂ ਸਾਹਿਬਾਂ ਨੇ ੯ ਸਾਲ ਦੀ ਆਯੂ ਵਿਚ ਜਨੇਊ ਦੇ ਵਿਰੁਧ ਜ਼ਬਰਦਸਤ ਆਵਾਜ਼ ਉਠਾਈ ਸੀ, ਉਨ੍ਹਾਂ ਨੇ ਭਲਾ ਜਵਾਨੀ ਸਮੇਂ ਵੇਦਿਕ ਰੀਤੀ ਨਾਲ ਵਿਆਹ ਕਰਨਾ ਕਿਵੇਂ ਸਵੀਕਾਰ ਕਰ ਲਿਆ? ਫਿਰ ਗੁਰੂ ਸਾਹਿਬ ਨੇ ਆਪਣੇ ਵਿਆਹ ਬਾਰੇ ਖ਼ੁਦ ਹੀ ਫ਼ੁਰਮਾਇਆ ਹੈ :—

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ

[ਆਸਾ ਮਹਲਾ ੧, ਪੰਨਾ ੩੫੧

ਵਿਆਹ ਬਾਰੇ ਸਾਡੇ ਪਾਸ ਕਈ ਇਤਿਹਾਸਕ ਸਬੂਤ ਵੀ ਮੌਜੂਦ ਹਨ—੧. ਦਸ ਗੁਰੂ ਜੋਤ ਪ੍ਰਕਾਸ਼, ਬਾਬਾ ਸੁੰਦਰ ਸਿੰਘ ਜੀ, ੨. ਗੁਰੂ ਖਾਲਸਾ ਤਵਾਰੀਖ, ਗਿਆਨੀ ਲਾਲ ਸਿੰਘ ਸੰਗਰੂਰ, ੩. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੋਢੀ ਮੇਹਰਬਾਨ, ੪. ਗੁਰੂ ਨਾਨਕ ਜੀਵਨ—ਇਕ ਨਵੀਂ ਖੋਜ, ਗਿਆਨੀ ਊਧਮ ਸਿੰਘ ਜੀ, ੫. ਬਖਸ਼ਿੰਦ ਨਾਨਕ, ਗਿਆਨੀ ਉਤਮ ਸਿੰਘ ਪਾਤਰ, ੬. ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ੭. ਜੀਵਨ ਚਰਿਤ੍ਰ ਸ੍ਰੀ ਗੁਰੂ ਨਾਨਕ ਦੇਵ, ਡਾਕਟਰ ਤ੍ਰਿਲੋਚਨ ਸਿੰਘ, ੮. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸਥਾਨ ਧਰਮਸਾਲਾਂ ਤੇ ਗੁਰਦਵਾਰੇ, ਸਰਦਾਰ ਸ਼ਮਸ਼ੇਰ ਸਿੰਘ 'ਅਸ਼ੋਕ'।

## ਯੂ.ਕੇ. (ਇੰਗਲੈਂਡ) ਵਿਖੇ ਕੀਰਤਨ ਤੇ ਸ੍ਰੀ ਅਖੰਡਪਾਠ

ਸ: ਹਰਿਬਖਸ਼ ਸਿੰਘ ਜੀ ਸਰਾਏ, 110-ਏ, ਲੂਟਨ ਰੋਡ, ਚਾਟਹਮ, ਕੈਂਟ (ਇੰਗਲੈਂਡ) ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਵਿਖੇ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ੧੬ ਅਪ੍ਰੈਲ ਨੂੰ ਸ੍ਰੀ ਅਖੰਡਪਾਠ ਦਾ ਅਰੰਭ ਹੋ ਕੇ ੧੮ ਅਪ੍ਰੈਲ ਨੂੰ ਸਵੇਰੇ ਭੋਗ ਪਏਗਾ। ਉਪਰੰਤ ਡੇਢ ਵਜੇ ਤਕ ਅਖੰਡ-ਕੀਰਤਨ ਹੋਵੇਗਾ। ਸਭ ਮਾਈ ਭਾਈ ਅੰਮ੍ਰਿਤ-ਬਾਣੀ ਦਾ ਅਨੰਦ ਮਾਣਨ ਅਤੇ ਸੇਵਕ ਨੂੰ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ। ਪੁਛ ਗਿੱਛ ਲਈ ਟੈਲੀਫ਼ੂਨ ਨੰਬਰ Medway 407547.

## ਖਾਂਬਰਾ ਵਿਖੇ ਕੀਰਤਨ ਰੈਣ ਸਬਾਈ

੨੪ ਅਪ੍ਰੈਲ ਸ਼ਾਮ ਸਾਢੇ ਸਤ ਵਜੇ ਤੋਂ ੨੫ ਅਪ੍ਰੈਲ ਸਵੇਰੇ ਪੰਜ ਵਜੇ ਤਕ ਕੀਰਤਨ ਰੈਣ ਸਬਾਈ ਹੋ ਰਹੇ ਹਨ। ਖਾਂਬਰਾ ਪਿੰਡ ਜਲੰਧਰ ਤੋਂ ਸਾਢੇ ਤਿੰਨ ਮੀਲ, ਨਕੋਦਰ ਰੋਡ ਤੇ ਹੈ। ਟਰਾਲੀ ਸੰਗਤਾਂ ਨੂੰ ਲਿਜਾਣ ਲਈ ਬਸ-ਅੱਡਾ ਜਲੰਧਰ ਤੋਂ ਸਾਢੇ ਸਤ ਵਜੇ ਸ਼ਾਮ ਚਲੇਗੀ। ਸੰਗਤਾਂ ਕੀਰਤਨ ਵਿਚ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਪ੍ਰਾਰਥਕ ਦਾਸਰਾ—ਅਮਰਜੀਤ ਸਿੰਘ, ਖਾਂਬਰਾ

## ਮਨੌਲੀ (ਖਰੜ) ਵਿਖੇ ਰੈਣ-ਸਬਾਈ ਕੀਰਤਨ

ਪਿੰਡ ਮਨੌਲੀ ਤਹਿਸੀਲ ਖਰੜ ਵਿਖੇ ੧੦ ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ, ਜਿਸ ਵਿਚ ਇਲਾਕੇ ਦੇ ਗੁਰਮੁਖ ਪਿਆਰੇ ਨਾਮ ਰਸੀਏ ਸਜਣ ਸ਼ਾਮਲ ਹੋ ਰਹੇ ਹਨ। ਸਮੂਹ ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਹਰਿ-ਜਸ-ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ। ਮਨੌਲੀ ਲਈ ਚੰਡੀਗੜ੍ਹ ਬਸ-ਸਟੈਂਡ 17-ਸੈਕਟਰ ਤੋਂ ਬਸ ਸਵਾ ਛੇ ਵਜੇ ਸ਼ਾਮ ਤਕ ਚਲਦੀ ਹੈ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਖਰੜ



www.AKJ.Org

# ਧਾਰਮਕ ਫ਼ਿਲਮਾਂ ਤੇ ਨਾਟਕ

[ਵਲੋਂ :—ਭਾਈ ਰਾਮ ਚੰਦ ਸੀ ਭਟਿਆਣੀ, ਕਲਕੱਤਾ]

ਦਾਸ ਨੂੰ ਜਦ ਤੋਂ ਕੁਝ ਗੁਰਬਾਣੀ ਦੀ ਸੋਝੀ ਹੋਈ, ਫ਼ਿਲਮਾਂ ਵੇਖਣੀਆਂ ਆਪਣੇ ਆਪ ਬੰਦ ਹੋ ਗਈਆਂ ਤੇ ਇਸ ਨੂੰ ਹੁਣ ਕਰੀਬ ਵੀਹ ਸਾਲ ਤੋਂ ਜ਼ਿਆਦਾ ਹੋ ਗਏ ਹਨ :—

ਇਹ ਰਸ ਛਾਡੇ ਉਹ ਰਸੁ ਆਵਾ ॥ ਉਹ
ਰਸੁ ਪੀਆ ਇਹੁ ਰਸੁ ਨਹੀ ਭਾਵਾ ॥੩੫॥
[ਪੰਨਾ ੩੪੨

੧੯੬੯ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ੫੦੦ ਸਾਲਾ ਜਨਮ ਦਿਨ ਸਾਰੀ ਦੁਨੀਆ ਵਿਚ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਸੀ ਤਾਂ ਰੋਜ਼ ਅਖ਼ਬਾਰਾਂ ਵਿਚ ਖ਼ਬਰਾਂ ਪੜ੍ਹਦੇ ਸਾਂ—"'ਨਾਨਕ ਨਾਮ ਜਹਾਜ਼' ਫ਼ਿਲਮ ਬਣ ਰਹੀ ਹੈ। ਲੋਕੀਂ ਪੰਜਾਬ ਤੇ ਦੂਸਰੇ ਸਥਾਨਾਂ ਤੇ ਪਿਕਚਰ ਨੂੰ ਕਈ ਵਾਰੀ ਵੇਖ ਰਹੇ ਹਨ ਤੇ ਸਤਿਕਾਰ ਵਜੋਂ ਪਿਕਚਰ-ਹਾਲਾਂ ਵਿਚ ਪੈਸੇ ਭੀ ਸੁਟਦੇ ਹਨ।" ਮਨ ਵਿਚ ਬੜਾ ਚਾਅ ਪੈਦਾ ਹੋਇਆ ਕਿ ਭਾਵੇਂ ਫ਼ਿਲਮਾਂ ਵੇਖਣੀਆਂ ਬੰਦ ਕੀਤੀਆਂ ਹੋਈਆਂ ਹਨ ਪ੍ਰੰਤੂ ਆਪਣੇ ਸ਼ਹਿਨਸ਼ਾਹ ਪਾਤਸ਼ਾਹ ਦਾ ਪੰਜ-ਸੌ-ਸਾਲਾ ਜਨਮ ਦਿਨ ਮਨਾਇਆ ਜਾ ਰਿਹਾ ਹੈ ਤੇ ਇਸ ਖੁਸ਼ੀ ਵਿਚ ਇਹ ਫਿਲਮ "ਨਾਨਕ ਨਾਮ ਜਹਾਜ਼" ਜਿਸ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਨੇ ਪ੍ਰਮਾਣਿਤ ਕੀਤਾ ਹੈ, ਜ਼ਰੂਰ ਵੇਖਾਂਗੇ । ਹੋ ਸਕਦਾ ਸ਼ਕਦਾ ਹੈ, ਇਹ ਫ਼ਿਲਮ ਵੇਖਣ ਨਾਲ ਉਹ ਨਾਮ ਰੂਪੀ ਜਹਾਜ਼ ਇਸ ਅਭਾਗੇ ਨੂੰ ਭੀ ਮਿਲ ਜਾਏ, ਜਿਸ ਤੇ ਚੜ੍ਹ ਕੇ ਭਵ-ਸਾਗਰ ਤੋਂ ਪਾਰ ਹੋ ਜਾਵੇ।

ਮੁਦਤਾਂ ਬਾਅਦ ਬੜੀਆਂ ਖ਼ੁਸ਼ੀਆਂ ਨਾਲ ਆਪਣੇ ਪਿਆਰੇ ਦੀ ਫ਼ਿਲਮ ਵੇਖਣ ਲਈ ਸਿਨੇਮਾ ਹਾਲ ਵਿਚ ਦਾਖ਼ਲ ਹੋਏ। ਬੜੀ ਭੀੜ ਸੀ, ਪ੍ਰੰਤੂ ਜਦ ਝੂਠੇ ਪ੍ਰੇਮ ਦੇ ਸੀਨ ਫ਼ਿਲਮ ਵਿਚ ਆਏ ਤਾਂ ਆਪਣੇ ਮਨ ਨੂੰ ਫਿਟਕਾਰਾਂ ਪਾਈਆਂ, ਕਿ ਤੂੰ ਇਹ ਕੀ ਕੀਤਾ। ਇਨ੍ਹਾਂ ਬਣਾਉਟੀ ਸਵਾਂਗੀਆਂ ਦੇ ਫ਼ਰਜ਼ੀ ਚਟਪਟੇ ਸੀਨ ਵੇਖ ਕੇ ਭਵ-ਸਾਗਰ ਤੋਂ ਪਾਰ ਹੋਣਾ ਤਾਂ ਕਿਤੇ ਦੂਰ ਰਿਹਾ, ਇਥੇ ਤਾਂ ਭਵ-ਸਾਗਰ ਵਿਚ ਡੁਬਣ ਵਾਲਾ ਵਰਤਾਰਾ ਹੀ ਵਰਤਦਾ ਹੈ। ਇਥੋਂ ਤੂੰ ਕੁਝ ਲੈਣ ਦੀ ਬਜਾਏ ਦੇਣ ਆਇਆ ਹੈਂ। ਇਹ ਫ਼ਿਲਮ ਸਾਨੂੰ ਕੁਝ ਨਹੀਂ ਦੇ ਸਕਦੀ। ਬਸ ਇੰਨੇ ਨਾਲ ਹੀ ਨਿਸ਼ਾ ਹੋ ਗਈ। ਸਤਿਗੁਰੂ ਨੇ ਬੜੀ ਬਖਸ਼ਸ਼ ਕੀਤੀ ਤੇ ਫੇਰ ਕਦੇ ਵੀ ਧਰਮ ਦੇ ਨਾਂ ਤੇ ਬਣੀਆਂ ਅਖੌਤੀ ਫ਼ਿਲਮਾਂ ਵੇਖਣ ਦਾ ਫੁਰਨਾ ਹੀ ਨਹੀਂ ਆਇਆ।

ਇਸ ਵਾਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ੩੦੦ ਸਾਲਾ ਸ਼ਹੀਦੀ ਦਿਨ ਮਨਾਇਆ ਜਾ ਰਿਹਾ ਸੀ। ਕਲਕਤੇ ਵਿਚ ਬਹੁਤ ਵਡੇ ਸ਼ਾਮਿਆਨੇ ਲਗਾਏ ਗਏ । ਬੜੇ ਬੜੇ ਹਛੇ ਪ੍ਰੋਗਰਾਮ ਉਲੀਕੇ ਗਏ। ਬਾਹਰੋਂ ਆਏ ਰਾਗੀਆਂ ਪ੍ਰਚਾਰਕਾਂ ਤੇ ਕਵੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਇਕ ਦਿਨ ਐਲਾਨ ਹੋਇਆ ਕਿ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਦਾ ਡਰਾਮਾ "ਹਿੰਦ ਦੀ ਚਾਦਰ" ਵਿਖਾਇਆ ਜਾਏਗਾ। ਉਸ ਦਿਨ ਪੰਡਾਲ ਵਿਚ ਅਥਾਹ ਭੀੜ ਸੀ, ਜਿਸ ਦਾ ਪ੍ਰਬੰਧ ਕਰਨਾ ਭੀ ਕਠਨ ਹੋ ਰਿਹਾ ਸੀ। ਇਹ ਵੇਖਣ ਲਈ ਕਿ ਇਹ ਡਰਾਮੇ ਜੋ ਸਿਖ ਧਰਮ ਦੇ ਸ਼ੁਰੂ ਤੋਂ ਕਦੇ ਨਹੀਂ ਹੋਏ ਤੇ ਹੁਣ ਸ਼ੁਰੂ ਕੀਤੇ ਗਏ ਹਨ, ਕੀ ਇਹ ਸਵਾਲ ਜਵਾਬ ਦੀ ਸ਼ਕਲ ਵਿਚ ਹੋਣਗੇ ਜਾਂ ਰਾਮ ਲੀਲ੍ਹਾ ਵਾਂਗਰ ਸਟੇਜ ਤੇ ਬੰਦਿਆਂ ਨੂੰ ਨਚਾਇਆ ਟਪਾਇਆ ਜਾਏਗਾ। ਉਥੇ ਜਾ ਕੇ ਵੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਉਸ ਦਿਨ ਉਸ ਸਟੇਜ ਤੇ ਬਿਰਾਜਮਾਨ ਨਹੀਂ ਸਨ, ਜਿਸ ਤੇ ਪਹਿਲੇ ਦਿਨ ਸਨ ਤੇ ਉਥੇ ਡਰਾਮੇ ਵਰਗੇ ਸੀਨ ਤਿਆਰ ਸਨ। ਜਦ ਮਨੁਖ ਔਰੰਗਜ਼ੇਬ ਦੇ ਕਰਮਚਾਰੀ ਤੇ ਗੁਰਸਿਖਾਂ ਦੇ ਰੂਪ ਵਿਚ ਬਣ ਕੇ ਆਏ ਤੇ ਡਰਾਮਾ ਸ਼ੁਰੂ ਹੋਇਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੇਠ ਲਿਖੀ ਤੁਕ ਯਾਦ ਆ ਗਈ :—


www.AKJ.Org

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥ [ਆਸਾ ਮਹਲਾ ੪, ਪੰ: ੪੪੪

ਕੀ ਸਿਖ ਦਾ ਰੂਪ ਬਣਾਨਾ ਗੁਰੂ ਦਾ ਰੂਪ ਬਣਾਨ ਦੇ ਬਰਾਬਰ ਨਹੀਂ ? ਜੇ ਹੈ ਤਾਂ ਇਹ ਸਿਖ ਦੇ ਰੂਪ ਕਿਉਂ ਬਣਾਏ ਜਾ ਰਹੇ ਹਨ ? ਕੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜੋ ਇਹ ਆਖਿਆ ਹੈ :—

ਭੇਖੀ ਪ੍ਰਭੂ ਨ ਲਭਈ, ਵਿਣੁ ਸਚੀ ਸਿਖੰ ॥
[ਪਉੜੀ ਡਖਣੇ ਮ: ੫, ਪੰ: ੧੦੯੯

ਇਸ ਹੁਕਮ ਦੀ ਉਲੰਘਣਾ ਕਿਉਂ ਕੀਤੀ ਜਾ ਰਹੀ ਹੈ ? ਕੀ ਇਹ ਗੁਰੂ ਦੇ ਹੁਕਮ ਨੂੰ ਨ ਮੰਨਣ ਵਾਲੀ ਗਲ ਨਹੀਂ ? ਅਗਰ ਹੈ ਤਾਂ ਡਰਾਮਿਆਂ ਤੇ ਫ਼ਿਲਮਾਂ ਰਾਹੀਂ ਕਦੀ ਭੀ "ਵਾਹਿਗੁਰੂ" ਪਰਮੇਸਰ ਦੀ ਪਰਾਪਤੀ ਨਹੀਂ ਹੋ ਸਕਦੀ ।

ਅਜ ਬਹੁਤੇ ਰਾਗੀ ਤੇ ਪ੍ਰਚਾਰਕਾਂ ਦਵਾਰਾ ਕੀਤੇ ਗਏ ਪ੍ਰੋਗਰਾਮਾਂ ਦਾ ਭੀ ਅਸਰ ਨਹੀਂ ਹੁੰਦਾ । ਉਸ ਦਾ ਕੇਵਲ ਇਕੋ ਹੀ ਕਾਰਨ ਹੈ—

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਜਿਸ ਕੈ ਅੰਤਰਿ ਬਸੈ ਨਿਰੰਕਾਰ ॥ ਤਿਸਕੀ ਸੀਖ ਤਰੈ ਸੰਸਾਰ ॥
[ਗਉੜੀ ਸੁਖਮਨੀ ਮ: ੫—੨੬੯

ਅਵਰਨ ਹਸਤ ਆਪਿ ਹਹਿ ਕਾਂਨੇ । ਤਿਨ ਕਉ ਦੇਖਿ ਕਬੀਰ ਲਜਾਨੇ ॥ [ਗਉੜੀ ਚੇਤੀ, ੩੩੨

ਕੀ ਐਕਟਰ ਤੇ ਐਕਟ੍ਰੈਸਾਂ, ਭਾਵੇਂ ਉਹ ਫ਼ਿਲਮਾਂ ਦੇ ਹੋਣ ਜਾਂ ਨਾਟਕਾਂ ਦੇ, ਪੂਰਨ ਗੁਰਸਿਖ ਹੋ ਸਕਦੇ ਹਨ ? ਅਗਰ ਹੋ ਸਕਦੇ ਹਨ ਤਾਂ ਉਹ ਐਕਟਰ ਨਹੀਂ ਹੋ ਸਕਦੇ । ਇਸ ਲਈ ਐਕਟਰ ਤੇ ਐਕਟ੍ਰੈਸਾਂ ਨੂੰ ਗੁਰਸਿਖ ਰੂਪ ਬਣਾ ਕੇ ਉਪਦੇਸ਼ ਦੇਣਾ, ਕਦੀ ਅਸਰ ਨਹੀਂ ਕਰ ਸਕਦਾ ।

ਮਨ ਨੇ ਗੁਰਬਾਣੀ ਯਾਦ ਆਣ ਤੇ ਵਿਚਾਰਾਂ ਨੂੰ ਦ੍ਰਿੜ੍ਹ ਕਰ ਦਿਤਾ ਤੇ ਉਹ ਡਰਾਮਾ ਵੇਖਣ ਤੋਂ ਬਗੈਰ ਹੀ ਧਕੇ ਖਾ ਕੇ ਵਾਪਸ ਆ ਗਿਆ ਅਤੇ ਆ ਕੇ ਸਤਿਗੁਰੂ ਦਾ ਸ਼ੁਕਰ ਕੀਤਾ । ਸਾਹਿਬ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ—

ਹੇ ਪਾਤਸ਼ਾਹ ! ਆਪ ਜੀ ਦੀ ਸਾਰੀ ਬਾਣੀ ਐਸੀ ਭਾਸ਼ਾ ਵਿਚ ਹੈ ਕਿ ਸਾਰੀ ਦੁਨੀਆ ਦੇ ਕਰੋੜਾਂ ਮੰਨੁਖਾਂ ਨੂੰ, ਜੋ ਪੰਜਾਬੀ, ਹਿੰਦੀ ਤੇ ਉਰਦੂ ਜਾਣਦੇ ਹਨ, ਬੜੀ ਚੰਗੀ ਤਰ੍ਹਾਂ ਸਮਝ ਵਿਚ ਆ ਸਕਦੀ ਹੈ ।

ਤੇ, ਹੇ ਦਾਤਾ ! ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੫ ਰਾਗਾਂ ਵਿਚ ਜੋ ਆਪ ਦੇ ਵੈਰਾਗ-ਭਰੇ ੫੯ ਸ਼ਬਦ ਹਨ ਅਤੇ ਅਖ਼ੀਰ ਵਿਚ ੫੭ ਸਲੋਕ ਹਨ, ਇਹ ਮਨੁਖ ਮਾਤਰ ਨੂੰ ਹਰ ਪਹਿਲੂ ਤੇ ਚਾਨਣਾ ਦਿੰਦੇ ਹਨ । ਆਪ ਦੀ ਇਹ ਸਮੁਚੀ ਬਾਣੀ ਸਾਰੀ ਦੁਨੀਆ ਨੂੰ ਰਸਤੇ ਪਾ ਸਕਦੀ ਹੈ। ਫਿਰ ਇਹ ਲੋਕੀ ਇਨ੍ਹਾਂ ਨਾਟਕਾਂ ਚੇਟਕਾਂ ਦੀ ਬਜਾਏ ਇਸ ਬਾਣੀ ਦਾ ਪਰਚਾਰ ਸਿੱਧੇ ਤੌਰ ਤੇ ਕਿਉਂ ਨਹੀਂ ਕਰਦੇ ?

ਮੇਰੇ ਦਿਲ ਦੇ ਪਾਤਸ਼ਾਹ ! ਇਨ੍ਹਾਂ ਲੋਕਾਂ ਨੂੰ ਸੋਝੀ ਦੇਹ ਕਿ ਇਹ ਆਪ ਦੀ ਬਾਣੀ ਨੂੰ ਹੋਰ ਹੋਰ ਭਾਸ਼ਾਵਾਂ ਵਿਚ ਛਪਵਾ ਕੇ ਕੋਨੇ ਕੋਨੇ ਵਿਚ ਪਹੁੰਚਾਉਣ, ਤਾਕਿ ਸਭ ਲੁਕਾਈ ਇਨ੍ਹਾਂ ਚਾਨਣ-ਕਿਰਨਾਂ ਰਾਹੀਂ ਰੋਸ਼ਨੀ ਲੈ ਕੇ, ਸਹੀ ਮਾਰਗ ਤੇ ਤੁਰ ਸਕੇ ।

## ਸ਼ਹੀਦਾਂ ਦੀ ਯਾਦ-ਲੜੀ ਵਿਚ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸਮੂਹ ਸੰਗਤਾਂ ਅਤੇ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਵਿਖੇ ਬਿਨੈ ਹੈ ਕਿ ਪਵਿਤਰ ਰੂਹਾਂ ਦੀ ਸ਼ਹੀਦੀ ਯਾਦ-ਲੜੀ ਦੇ ਸੰਬੰਧ ਵਿਚ ੧੯ ਅਪ੍ਰੈਲ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਪਿੰਡ ਢੁੱਡੀਆ ਵਾਲਾ ਜ਼ਿਲਾ ਕਪੂਰਥਲਾ ਵਿਖੇ ਹੋ ਰਹੇ ਹਨ । ਗੁਰਦੁਆਰਾ ਪੰਜਾ ਸਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ੧੫ਵੀਂ ਬਰਸੀ ਦੀ ਯਾਦ ਵਿਚ ਇਸ ਦਿਨ ਸੰਗਤਾਂ ਜੁੜ ਰਹੀਆਂ ਹਨ । ਵਖ ਵਖ ਥਾਵਾਂ ਤੋਂ ਮੁਖੀ ਕੀਰਤਨੀਆਂ ਦੇ ਪੁਜਣ ਦੀਆਂ ਪਰਵਾਨਗੀਆਂ ਪੁਜ ਚੁਕੀਆਂ ਹਨ । ਸਮੂਹ ਸੰਗਤਾਂ ਪਰਵਾਰਾਂ ਸਹਿਤ ਦਰਸ਼ਨ ਬਖਸ਼ਣ ਜੀ । ਪਿੰਡ ਢੁਡੀਆਂ ਵਾਲਾ ਕਪੂਰਥਲਾ ਤੋਂ ਚਾਰ ਮੀਲ, ਬਰਾਸਤਾ ਪਾਜੀਆਂ,ਸੁਲਤਾਨਪੁਰ ਰੋਡ ਤੇ ਹੈ ।ਦਾਸਰੇ– ਸੰਗਤ ਅਖੰਡ ਕੀਰਤਨੀ ਜੱਥਾ ਢੁਡੀਆਂ ਵਾਲਾ(ਕਪੂਰਥਲਾ)



www.AKJ.Org

# ਖਾਣਾ ਪੀਣਾ ਪਵਿਤ੍ਰ ਹੈ.....ਝਟਕਾ ਜਾਂ ਅਨਾਜ ?

ਮਾਸ ਦੇ ਖਵੱਈਏ ਵੀਰ ਮਾਸ ਦਾ ਸੇਵਨ ਕਰਨ ਦੇ ਹੱਕ ਵਿਚ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :—

(੧) 'ਝਟਕਾ' ਕਰਨ ਵਿਚ ਮਾਰੇ ਜਾਣ ਵਾਲੇ ਜਾਨਵਰ ਨੂੰ ਕਤੱਈ ਤਸੀਹਾ ਨਹੀਂ ਹੁੰਦਾ।

(੨) ਦਾਣੇ ਖਾਣ ਵਿਚ ਵੀ ਜੀਵ-ਹਤਿਆ ਹੁੰਦੀ ਹੈ। ਫਿਰ ਜੀਵ-ਹਤਿਆ ਦੇ ਡਰ ਕਾਰਨ ਮਾਸ ਤਿਆਗਣ ਦੇ ਕੀ ਅਰਥ ?

(੩) ਖਾਣ ਪੀਣ ਦੇ ਸਬੰਧ ਵਿਚ ਗੁਰਬਾਣੀ ਦੀ ਪਰਖ-ਵਟੀ ਸਪੱਸ਼ਟ ਹੈ ਕਿ ਖਾਣ ਪੀਣ ਵਾਲੀ ਕੇਵਲ ਓਸੇ ਵਸਤੂ ਦੀ ਮਨਾਹੀ ਹੈ ਜਿਸ ਦੇ ਸੇਵਨ ਕਰਨ ਨਾਲ ਮਨ ਵਿਚ ਵਿਕਾਰ ਉਤਪੰਨ ਹੋਣ ।

ਹੇਠਾਂ ਇਨ੍ਹਾਂ ਤਿੰਨਾਂ ਹੀ ਦਲੀਲਾਂ ਦਾ ਨਿਰਣਾ ਕਰਨ ਦਾ ਜਤਨ ਕਰਦੇ ਹਾਂ।

## (੧) ਤਸੀਹੇ—

ਤਸੀਹਾਂ ਬਾਰੇ ਵੀ ਵਿਚਾਰਾਂ ਦਾ ਵਿਖੇਵਾਂ ਹੈ। ਕਈ ਮਾਸ-ਖਾਣ ਵਾਲੇ ਵਿਅਕਤੀ ਕਹਿੰਦੇ ਹਨ ਕਿ 'ਝਟਕੇ' ਵਿਚ ਜਾਨਵਰਾਂ ਨੂੰ ਕਤੱਈ ਤਸੀਹਾ ਨਹੀਂ ਹੁੰਦਾ। ਕਈ ਇਹ ਆਖਦੇ ਹਨ ਕਿ ਤਸੀਹਾ ਤਾਂ ਹੁੰਦਾ ਹੈ ਪਰ ਓਨਾ ਨਹੀਂ ਜਿੰਨਾ 'ਹਲਾਲ' ਕਿਰਿਆ ਵਿਚ ਹੁੰਦਾ ਹੈ, ਇਸ ਲਈ ਝਟਕਾ ਜਾਇਜ਼ ਹੈ। ਇਸ ਦਾ ਭਾਵ ਇਹ ਹੋਇਆ ਕਿ ਹਲਾਲ ਵੱਡਾ ਦੋਸ਼ ਹੈ ਤੇ ਝਟਕਾ ਛੋਟਾ, ਪਰ ਜੁਰਮ ਦੀ ਹੋਂਦ ਤਾਂ ਦੋਹਾਂ ਵਿਚ ਰਹਿੰਦੀ ਹੈ। ਜਾਨਵਰ ਅੰਦਰ ਵੀ ਸੋਚਣ ਸਮਝਣ ਦੀ ਸ਼ਕਤੀ ਵਿਧਾਤਾ ਨੇ ਪਾਈ ਹੈ। ਉਸ ਨੂੰ ਝਟਕਾਉਣ ਲਈ ਤੇਜ਼ ਕੀਤੇ ਜਾ ਰਹੇ ਸ਼ਸਤਰਾਂ ਨੂੰ ਦੇਖ ਕੇ ਜਾਨਵਰ ਦੁਖੀ ਹੁੰਦਾ ਹੈ ਤੇ ਜਦੋਂ ਇਹਨਾਂ ਦੀ ਵਰਤੋਂ ਉਸ ਤੇ ਕੀਤੀ ਜਾਂਦੀ ਹੈ ਤਾਂ ਉਹ ਦਿਲ-ਹਿਲਾਊ ਚੀਕਾਂ ਮਾਰਦਾ ਹੈ। ਇਹ ਵਖਰੀ ਗੱਲ ਹੈ ਕਿ ਲਬ-ਲੋਭ ਤੇ ਖ਼ੁਦਗਰਜ਼ੀ ਦੀ ਭਾਵਨਾ ਵਿਚ ਅੰਨ੍ਹਾ ਹੋਇਆ ਮਨੁੱਖ ਇਹ ਚੀਕਾਂ ਸੁਣੀਆਂ ਅਣਸੁਣੀਆਂ ਕਰ ਦਿੰਦਾ ਹੈ । ਕੇਵਲ ਇਹ ਹੀ ਨਹੀਂ ਸਗੋਂ ਜਾਨਵਰ ਨੂੰ ਤਸੀਹੇ ਦੇਣ ਦੇ ਦੋਸ਼ ਤੋਂ ਹੀ ਮੁਨਕਰ ਹੁੰਦਾ ਹੈ। ਕੀ ਮਾਸ-ਖਾਣੇ ਮਨੁਖ ਦਾ ਅਜਿਹਾ ਵਤੀਰਾ ਇਸ ਕਾਰਨ ਨਹੀਂ ਕਿ **ਉਹ ਧਰਤੀ ਦਾ ਸਰਦਾਰ ਹੈ ਅਤੇ ਸਾਰੇ ਜਾਨਵਰ ਉਸ ਦੇ ਰਹਿਮ ਉਤੇ ਹਨ ਅਤੇ ਧਰਤੀ ਉਤੇ ਇਸ ਅਸ਼ਰਫ਼ੁਲ-ਮਖ਼ਲੂਕਾਤ (ਮਨੁਖ) ਦੇ ਬੇਕਸੂਰੇ ਜਾਨਵਰਾਂ ਪ੍ਰਤੀ ਜ਼ੁਲਮ-ਜਬਰ ਦੀ ਪੁਛ-ਗਿਛ ਕਰਨ ਲਈ ਕੋਈ ਕਨੂੰਨੀ ਅਦਾਲਤ ਨਹੀਂ** ? ਕਿੰਨੀ ਸਵੈ-ਵਿਰੋਧੀ ਤੇ ਹੈਫ ਦੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਆਈ ਤੇ ਦੀਨਾਂ ਮਜ਼ਲੂਮਾਂ ਦੇ ਰਾਖੇ 'ਖਾਲਸੇ' ਨੇ ਆਪਣੇ ਅਧੀਨ ਵਸਦੇ ਜਾਨਵਰਾਂ ਪ੍ਰਤੀ ਓਹੋ ਜ਼ੁਲਮ ਜਬਰ ਦਾ ਵਤੀਰਾ ਇਖ਼ਤਿਆਰ ਕੀਤਾ ਹੋਇਆ ਹੈ ਜਿਹੜਾ ਔਰੰਗਜ਼ੇਬ ਨੇ ਕਦੀ ਉਹਨਾਂ ਵਿਰੁਧ ਇਖ਼ਤਿਆਰ ਕੀਤਾ ਹੋਇਆ ਸੀ ਤੇ ਜਿਸ ਦੀ ਉਹ ਅਸੂਲਨ ਵਿਰੋਧਤਾ ਕਰਦੇ ਸਨ। 'ਖਾਲਸਾ' ਆਪਣੇ ਮਿਟੀ ਦੇ ਮੜ੍ਹੋਲੇ ਦੀ ਸੇਵਾ ਲਈ ਜਾਨਵਰਾਂ ਤੇ ਤਸ਼ੱਦਦ ਕਰਦਾ ਹੈ ਤੇ ਔਰੰਗਜ਼ੇਬ ਵੀ ਤਾਂ "ਇਸਲਾਮ ਦੀ ਸੇਵਾ" ਦੇ ਚੋਗੇ ਥਲੇ ਆਪਣੇ ਜ਼ੁਲਮ ਨੂੰ ਛੁਪਾਉਣ ਦਾ ਜਤਨ ਕਰਦਾ ਰਿਹਾ। ਪਰ 'ਜ਼ੁਲਮ' ਜ਼ੁਲਮ ਹੀ ਹੈ। ਭਾਵੇਂ ਕੋਈ ਕਰੇ । ਗੁਰਬਾਣੀ ਦਾ ਫ਼ਤਵਾ ਜ਼ੁਲਮ ਵਿਰੁਧ ਹੈ ਤੇ ਬੜਾ ਸਪੱਸ਼ਟ ਹੈ :—

> ਕਬੀਰ ਜੀਅ ਜੁ ਮਾਰਹਿ ਜੋਰੁ ਕਰਿ, ਕਹਤੇ ਹਹਿ ਜੁ ਹਲਾਲ ॥... ਕਬੀਰ ਜੋਰੁ ਕੀਆ ਸੋ ਜੁਲਮ ਹੈ, ਲੇ ਇ ਜਬਾਬੁ ਖੁਦਾਇ ॥ ਦਫਤਰ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥ ॥੨੦੦॥ [ਪੰਨਾ ੧੩੭੫

## ਹਲਾਲ/ਝਟਕਾ—

ਸਪੱਸ਼ਟ ਹੈ ਕਿ ਹਲਾਲ ਦੀ ਕਿਰਿਆ ਵਿਚ ਵੀ ਜਾਨਵਰ ਨੂੰ ਦੁਖ ਹੁੰਦਾ ਹੈ ਤੇ ਝਟਕੇ ਵਿਚ ਵੀ। ਫਿਰ ਦੋਹਾਂ ਵਿਚ ਫ਼ਰਕ ਇਹ ਹੈ ਕਿ ਹਲਾਲ ਕਰਨ ਵੇਲੇ "ਕਲਮਾ" ਪੜ੍ਹਿਆ ਜਾਂਦਾ ਹੈ ਅਤੇ ਝਟਕਾ ਕਰਨ ਵੇਲੇ "ਸਤਿ ਸ੍ਰੀ ਅਕਾਲ" । ਮੁਸਲਮਾਨ ਲਈ



www.AKJ.Org

"ਝਟਕਾ ਮਾਸ" ਹਰਾਮ ਹੈ ਅਤੇ ਸਿਖ ਲਈ "ਹਲਾਲ ਮਾਸ" ਹਰਾਮ ਹੈ। 'ਕਲਮਾ' ਅਤੇ 'ਸਤਿ ਸ੍ਰੀ ਅਕਾਲ' ਦੋਵੇਂ ਵਖ ਵਖ ਬੋਲੀਆਂ ਵਿਚ ਪਰਮਾਤਮਾ ਦੀ ਸਿਫ਼ਤ-ਸੰਲਾਹ ਹੈ। ਤਾਂ ਫਿਰ ਇਸ ਦਾ ਭਾਵ ਇਹ ਹੋਇਆ ਕਿ ਮੁਸਲਮਾਨ ਲਈ "ਸਤਿ ਸ੍ਰੀ ਅਕਾਲ" (ਪ੍ਰਮਾਤਮਾ ਦੀ ਪੰਜਾਬ ਵਿਚ ਸਿਫਤ-ਸਲਾਹ) ਹਰਾਮ ਹੈ ਅਤੇ ਸਿਖ ਲਈ "ਕਲਮਾ" (ਪ੍ਰਮਾਤਮਾ ਦੀ ਅਰਬੀ ਵਿਚ ਸਿਫ਼ਤ-ਸਲਾਹ) ਹਰਾਮ ਹੈ।

ਅਸਲ ਵਿਚ ਨਾ ਹੀ 'ਕਲਮਾ' ਨਿੰਦਣ-ਯੋਗ ਹੈ ਤੇ ਨਾ ਹੀ 'ਸਤਿ ਸ੍ਰੀ ਅਕਾਲ'। ਜੇ ਨਿੰਦਣ ਯੋਗ ਹੈ ਤਾਂ ਦੋਹਾਂ ਧਿਰਾਂ ਦੀ **ਅੰਦਰਲੀ** ਜਾਨਵਰਾਂ ਨੂੰ ਹੜੱਪ ਕਰਨ ਤੇ ਆਪਣੇ ਕੁੱਕਰਮ ਨੂੰ ਨਾ ਕੇਵਲ ਛੁਪਾਉਣ ਸਗੋਂ ਵਖ ਵਖ ਲੇਬਲ ਲਾ ਕੇ ਧਰਮ-ਅਨੁਸਾਰੀ ਅਤੇ ਜਾਇਜ਼ ਸਿਧ ਕਰਨ ਦੀ ਬਦਨੀਯਤ।

ਸ਼ਰਾਬ ਸ਼ਰਾਬ ਹੀ ਹੈ ਭਾਵੇਂ ਵਖ ਵਖ ਸ਼ਕਲਾਂ ਦੀਆਂ ਬੋਤਲਾਂ ਵਿਚ ਹੋਵੇ ਜਾਂ ਵਖ ਵਖ ਲੇਬਲ ਲਗੇ ਹੋਣ। ਅਗੇ ਇਹ ਦਲੇਰੀ ਵਾਮ-ਮਾਰਗੀਆਂ ਨੇ ਕੀਤੀ ਸੀ ਕਿ ਮੰਦ-ਕਰਮਾਂ ਨੂੰ ਧਾਰਮਿਕ ਮਰਯਾਦਾ ਵਿਚ ਹੀ ਸ਼ਾਮਲ ਕਰ ਲਿਆ, ਪਰ ਨਿਰਮਲ-ਪੰਥ ਖ਼ਾਲਸੇ ਲਈ ਇਕ ਮੰਦ-ਕਰਮ ਨੂੰ ਖ਼ਾਲਸਾ-ਰਹਿਤ ਵਿਚ ਸ਼ਾਮਲ ਕਰਨਾ ਸੋਭਾ ਨਹੀਂ ਦਿੰਦਾ। ਕਿਡੀ ਕਹਿਰ ਦੀ ਗੱਲ ਹੈ ਕਿ ਸੰਸਾਰ ਦੇ ਦੋ ਮੰਨੇ-ਪ੍ਰਮੰਨੇ ਐਬ 'ਕਬਾਬ' ਅਤੇ 'ਸ਼ਰਾਬ' ਦੋਵੇਂ ਖਾਲਸਾ ਰਹਿਤ ਵਿਚ ਸ਼ਾਮਲ ਕੀਤੇ ਜਾਣ ਦੇ ਜਤਨ ਕੀਤੇ ਗਏ ਹਨ। ਕੋਈ ਕਹੇ ਕਿ ਸ਼ਰਾਬ ਦੀ ਤਾਂ ਕੋਈ ਆਗਿਆ ਨਹੀਂ ਦਿੰਦਾ ਤਾਂ ਬੇਨਤੀ ਹੈ ਕਿ ਉਹ ਇਸ ਗੱਲ ਦਾ ਜਵਾਬ ਲਾਡਲੀਆਂ ਫੌਜਾਂ—ਨਿਹੰਗ ਸਿੰਘਾਂ ਪਾਸੋਂ ਲਵੇ ਜੋ ਭੰਗ ਨੂੰ ਸੁਖ-ਨਿਧਾਨ ਦਾ ਪਵਿਤਰ ਨਾਮ ਦੇ ਕੇ ਕੇਵਲ ਖ਼ੁਦ ਪੀਣ ਤੇ ਹੀ ਤਾਣ ਨਹੀਂ ਤੋੜਦੇ ਸਗੋਂ ਗੁਰੂ ਮਹਾਰਾਜ ਨੂੰ ਵੀ ਭੋਗ ਲਵਾਉਣ ਤਕ ਜਾਂਦੇ ਹਨ। ਭਲਾ ਭੰਗ ਤੇ ਸ਼ਰਾਬ ਵਿਚ ਕੀ ਫ਼ਰਕ ਹੈ। ਭੰਗ ਦਾ ਨਸ਼ਾ ਸ਼ਰਾਬ ਨਾਲੋਂ ਚੰਗਾ ਹੈ ਜਾਂ ਮਾੜਾ, ਇਸ ਬਾਰੇ ਅਸੀਂ ਫ਼ੈਸਲਾ ਨਹੀਂ ਕਰਨਾ। ਫੇਰ ਭੰਗ ਨੂੰ "ਸੁਖ ਨਿਧਾਨ" ਤੇ ਸ਼ਰਾਬ ਨੂੰ "ਪੰਜ ਰਤਨੀ" ਕਹਿ ਕੇ ਸੇਵਨ ਕਰਨਾ—ਕੀ ਇਹ ਵਾਮ-ਮਾਰਗੀ ਉਜੜ-ਰਾਹ ਨਹੀਂ?

## (੨) ਦਾਣੇ ਅਤੇ ਜੀਵ—

ਮਾਸ ਖਾਣੇ ਵੀਰ ਇਹ ਦਲੀਲ ਦਿੰਦੇ ਹਨ ਕਿ ਜੀਵ ਜਾਨਵਰਾਂ ਵਿਚ ਵੀ ਹਨ ਤੇ ਦਾਣਿਆਂ ਆਦਿ ਵਿਚ ਵੀ, ਕਿਉਂ ਜੁ ਗੁਰਬਾਣੀ ਦਾ ਫ਼ੁਰਮਾਨ ਹੈ:—

"ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥"

ਸੋ ਜਾਂ ਤਾਂ ਦੋਹਾਂ ਦੇ ਖਾਣ ਵਿਚ ਪਾਪ ਹੈ, ਜਾਂ ਦੋਹਾਂ ਵਿਚ ਨਹੀਂ।

ਇਸ ਸਬੰਧ ਵਿਚ ਲੋੜ ਹੈ ਉਹ ਸਲੋਕ, ਜਿਸ ਵਿਚ ਉਪ੍ਰੋਕਤ ਤੁਕਾਂ ਆਉਂਦੀਆਂ ਹਨ ਉਹਨਾਂ ਦੀ ਵੀਚਾਰ ਕੀਤੀ ਜਾਵੇ, ਕਿਉਂ ਜੁ ਕੇਵਲ ਇਕੱਲੀ ਤੁਕ ਤੋਂ ਠੀਕ ਭਾਵ ਸਪੱਸ਼ਟ ਨਹੀਂ ਹੋਇਆ ਕਰਦਾ—

ਜੇਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥
ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ, ਗਿਆਨ ਉਤਾਰੇ ਧੋਇ॥੧॥ [ਸਲੋਕੁ ਮ: ੧, ਆਸਾ ਕੀ ਵਾਰ,੪੭੨

ਉਪ੍ਰੋਕਤ ਸਲੋਕ ਦੇ ਸਮੁੱਚੇ ਭਾਗ ਨੂੰ ਪੜ੍ਹ ਕੇ ਸਪੱਸ਼ਟ ਹੋ ਆਉਂਦਾ ਹੈ ਕਿ ਮਾਸ ਖਾਣ ਵਾਲੇ ਵੀਰਾਂ ਦਾ ਦ੍ਰਿਸ਼ਟੀ-ਕੋਣ ਉਪ੍ਰੋਕਤ ਸਲੋਕ ਤੋਂ ਸਿਧ ਨਹੀਂ ਹੁੰਦਾ, ਸਗੋਂ ਡਿਗਰੀ ਉਹਨਾਂ ਦੇ ਵਿਰੁਧ ਹੀ ਹੁੰਦੀ ਹੈ। ਸਲੋਕ ਦੀਆਂ ਪਹਿਲੀਆਂ ਚਾਰ ਪੰਗਤੀਆਂ ਵਿਚ ਸੰਖੇਪ ਤੌਰ ਤੇ ਸੂਤਕ-ਪਾਤਕ ਦੀ ਹਿੰਦਵੈਣੀ ਸੂਤਕ-ਥੀਊਰੀ ਦਾ ਜ਼ਿਕਰ ਹੈ। ਸਵਾਲ ਕੀਤਾ ਗਿਆ ਹੈ ਕਿ ਜੇਕਰ ਇਸ 'ਸੂਤਕ' ਦੀ ਥਊਰੀ ਨੂੰ ਮੰਨ ਲਈਏ ਤਾਂ ਸੂਤਕ (ਵਿਚਲੀ ਪਾਪ/ਗੰਦਗੀ) ਤੋਂ ਕੋਈ ਵੀ ਬਚ ਨਹੀਂ ਨਿਕਲਦਾ, ਕਿਉਂ ਜੁ ਗੋਹਾ, ਲਕੜੀ, ਪਾਣੀ ਤੇ ਦਾਣੇ ਸਾਰਿਆਂ ਵਿਚ ਹੀ ਜੀਵ ਹਨ ਤੇ ਇਸ ਕਾਰਨ ਸੂਤਕ ਮਨੁਖ ਦੀ ਰਸੋਈ ਵਿਚ ਜਾ ਵੜਦਾ ਹੈ। ਭਾਵ ਇਸ ਤਰ੍ਹਾਂ ਤਾਂ ਸੂਤਕ ਹਰ



www.AKJ.Org

ਵੇਲੇ ਹੀ ਰਸੋਈ ਵਿਚ ਪਿਆ ਰਹਿੰਦਾ ਹੈ।

ਇਸ ਤੋਂ ਅਗਲੇ ਸਲੋਕ ਵਿਚ ਨਿਖਰਵਾਂ ਉਤਰ ਹੈ ਕਿ ਇਹ ਥੀਊਰੀ ਮੰਨਣ ਤੇ ਅਪਨਾਉਣ-ਯੋਗ ਨਹੀਂ, ਕਿਉਂਕਿ ਜੰਮਣਾ ਅਤੇ ਮਰਨਾ ਹੁਕਮ ਵਿਚ ਕੁਦਰਤੀ ਕਿਰਿਆਵਾਂ ਹਨ, ਜੋ ਕਿਸੇ ਹਾਲਤ ਵਿਚ ਵੀ ਤੇ ਕਿਸੇ ਦੇ ਯਤਨ ਕਰਨ ਤੇ ਵੀ ਵਾਪਰਨੋਂ ਨਹੀਂ ਰਹਿਣੀਆਂ। ਸੋ ਸੂਤਕ ਤੋਂ ਗੁਰੂ ਦੇ ਗਿਆਨ ਰਾਹੀਂ ਹੀ ਬਚਿਆ ਜਾ ਸਕਦਾ ਹੈ। ਇਸ ਤੋਂ ਅਗੇ ਸੂਤਕ ਦੀ, ਗੁਰਮਤਿ ਪ੍ਰਮਾਣਿਤ ਵਿਆਖਿਆ ਹੈ :—

| | |
|---|---|
| ਮਨ ਦਾ ਸੂਤਕ— | ਲੋਭ ਕਰਨਾ। |
| ਜ਼ਬਾਨ ਦਾ ਸੂਤਕ— | ਕੂੜ ਬੋਲਣਾ। |
| ਅੱਖਾਂ ਦਾ ਸੂਤਕ— | ਪਰ-ਧਨ ਤੇ ਪਰ-ਰੂਪ ਵੇਖਣਾ, ਅਤੇ ਭੋਗਣਾ। |
| ਕੰਨਾਂ ਦਾ ਸੂਤਕ— | ਨਿੰਦਾ ਸੁਣਨੀ। |

ਤੀਜੇ ਸਲੋਕ ਵਿਚ ਸਪੱਸ਼ਟ ਕੀਤਾ ਹੈ ਕਿ ਸਾਰੇ ਹਿੰਦਵੈਣੀ ਮਨੌਤ ਦੇ ਸੂਤਕ ਐਵੇਂ ਭਰਮ-ਜਾਲ ਹੀ ਹਨ, ਜੋ ਉਜੜ-ਰਾਹੇ ਪਾਉਂਦੇ ਹਨ। ਜੀਵਾਂ ਦਾ ਜੰਮਣਾ ਮਰਨਾ ਕੁਦਰਤੀ ਕਿਰਿਆ ਹੈ ਤੇ ਈਸ਼ਵਰੀ ਭਾਣੇ ਵਿਚ ਹੈ। **ਰਿਜਕ, ਜੋ ਕੁਦਰਤੀ ਪ੍ਰਬੰਧ ਅਨੁਸਾਰ ਵਿਧਾਤਾ ਵਲੋਂ ਮਨੁਖ ਨੂੰ ਮਿਲਿਆ ਹੈ, ਦਾ ਸੇਵਨ ਪਵਿਤਰ ਕਿਰਿਆ ਹੈ** ਤੇ ਇਹ ਸੋਝੀ ਗੁਰੂ ਦੁਆਰਾ ਹੀ ਹੋ ਆਉਂਦੀ ਹੈ।

ਕੁਦਰਤ ਦੀ ਰਚਨਾ ਦੋ ਭਾਗਾਂ ਵਿਚ ਵੰਡੀ ਹੋਈ ਹੈ : ਜੜ-ਚੇਤਨ ਅਤੇ ਜੜ। ਜੀਵ 'ਚੇਤੰਨ' ਰਚਨਾ ਵਿਚ ਆਉਂਦੇ ਹਨ ਅਤੇ ਦਾਣੇ 'ਜੜ' ਵਿਚ। ਦੋਹਾਂ ਵਿਚ ਸੁਤੇ ਹੀ ਫ਼ਰਕ ਹੈ। ਦਾਣੇ ਮਨੁਖ ਦਾ ਕੁਦਰਤੀ ਅਹਾਰ ਭਾਵ 'ਰਿਜਕ' ਹੈ। "ਮਾਸ" ਮਨੁਖ ਲਈ ਰਿਜਕ ਨਹੀਂ, ਸ਼ੇਰ ਲਈ ਭਾਵੇਂ ਹੋਵੇ।

ਉਤਪਤੀ ਦੀਆਂ ਚਾਰ ਖਾਣੀਆਂ ਹਨ :—

| | |
|---|---|
| ਅੰਡਜ — | ਅੰਡਿਆਂ ਤੋਂ। |
| ਜੇਰਜ— | ਜੇਰ ਤੋਂ। |
| ਸੇਤਜ— | ਪਸੀਨੇ ਤੋਂ। |
| ਉਤਭੁਜ— | ਧਰਤੀ ਚੋਂ। |

ਉਪ੍ਰੋਕਤ ਖਾਣੀਆਂ ਵਿਚੋਂ ਜਿਥੇ ਬਾਕੀ ਤਿੰਨ ਖਾਣੀਆਂ ਅੰਡਜ, ਜੇਰਜ, ਸੇਤਜ ਵਿਚੋਂ ਜੀਵ ਪੈਦਾ ਹੁੰਦੇ ਹਨ, ਚੌਥੀ ਖਾਣੀ "ਉਤਭੁਜ" ਵਿਚੋਂ ਪਦਾਰਥ ਪੈਦਾ ਹੁੰਦੇ ਹਨ, ਜਿਨ੍ਹਾਂ ਵਿਚ ਜੀਵਨ-ਸਤਿਆ ਹੈ। ਇਸੇ ਜੀਵਨ-ਸਤਿਆ ਦੀ ਹੋਂਦ ਕਾਰਨ ਇਹ ਸਾਰੇ ਪਦਾਰਥ, ਸਣੇ ਪਾਣੀ ਦੇ, ਸਰਬ ਜੀਵਾਂ ਦਾ "ਜੀਉ" ਜਿੰਦ ਜਾਨ ਹਨ ਕਿਉਂ ਜੁ ਇਹਨਾਂ ਦਾ ਸੇਵਨ ਕੀਤੇ ਬਗੈਰ ਮਨੁਖ ਜੀਵਤ ਨਹੀਂ ਰਹਿ ਸਕਦਾ।

ਜਿਥੇ ਅੰਨ ਦਾਣੇ ਪੀਸੇ ਜਾਂਦੇ ਹਨ ਉਹਨਾਂ ਦਾ ਨਾਂ "ਆਟਾ-ਚਕੀਆ" ਹੈ, ਪਰ ਜਿਥੇ ਜਾਨਵਰਾਂ ਤੋਂ ਖਾਣ ਲਈ ਮਾਸ ਤਿਆਰ ਕੀਤਾ ਜਾਂਦਾ ਹੈ ਉਹਨਾਂ ਅਸਥਾਨਾਂ ਨੂੰ ਬੁਚੜ-ਖ਼ਾਨੇ ਵਰਗਾ ਕੋਝਾ ਤੇ ਡਰਾਉਣਾ ਨਾਮ ਪ੍ਰਾਪਤ ਹੈ।

ਗੁਰਬਾਣੀ ਵਿਚ ਇਕ ਥਾਵੇਂ ਨਹੀਂ ਸਗੋਂ ਬੇਅੰਤ ਥਾਵੇਂ ਅੰਨ-ਦਾਣੇ ਖਾਣ ਦੀ ਸ਼ਲਾਘਾ ਕਰ ਕੇ, ਆਗਿਆ ਦਿਤੀ ਹੋਈ ਮਿਲਦੀ ਹੈ। ਮਾਸ ਨੂੰ, ਮਾਸ-ਭੋਜਨ ਨੂੰ ਨਿੰਦਿਆ ਹੋਇਆ ਹੈ।

ਮਿਸਾਲਾਂ ਤਾਂ ਕਈ ਹਨ, ਪਰ ਕੇਵਲ ਇਕੋ ਹੀ ਥਲੇ ਦਿਤੀ ਜਾਂਦੀ ਹੈ, ਜਿਸ ਵਿਚ ਦੋਹਾਂ ਦਾ ਮੁਕਾਬਲਾ ਕਰ ਕੇ ਅੰਨ ਨੂੰ ਸਲਾਹਿਆ ਤੇ ਮਾਸ ਨੂੰ ਨਿੰਦਿਆ ਗਿਆ ਹੈ :—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ
ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ ਗਲਾ
ਕਟਾਵੈ ਕਉਨੁ ॥੧੮੮॥ [ਪੰ: ੧੩੭੪

ਗੁਰਬਾਣੀ ਦਾ ਫ਼ੈਸਲਾ ਸਪੱਸ਼ਟ ਹੈ, ਪਰ ਜੇ ਕਿਸੇ ਨੇ "ਮੈਂ ਨਾ ਮਾਨੂੰ" ਵਾਲਾ ਰਵੱਯਾ ਇਖ਼ਤਿਆਰ ਕਰ ਰਖਿਆ ਹੋਵੇ ਤਾਂ ਇਸ ਦਾ ਕੀ ਇਲਾਜ ?

ਅੰਨ ਮਨੁਖ ਦਾ "ਰਿਜਕ" ਹੈ। ਰਿਜਕ ਭਗਤਾਂ ਨੇ ਵਾਹਿਗੁਰੂ ਪਾਸੋਂ ਜੀਵਨ-ਸਤਿਆ ਪ੍ਰਾਪਤ ਕਰ ਕੇ ਭਜਨ ਬੰਦਗੀ ਕਰਨ ਲਈ ਸਦਾ ਮੰਗਿਆ ਹੈ :—

ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ
ਕਰੈ ਨਿਤ ਜੀਉ ॥ ਪਨੀਆ ਛਾਦਨੁ ਨੀਕਾ ॥
ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ
ਮਗਉ ਲਾਵੇਰੀ ॥ ਇਕ ਤਾਜਨਿ ਤੁਰੀ
ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ



www.AKJ.Org

ਧਨਾ ਲੇਵੈ ਮੰਗੀ ॥੨॥੪॥ [ਪੰਨਾ ੬੯੫

ਮਸਲੇ ਨੂੰ ਸਪੱਸ਼ਟ ਕਰਨ ਲਈ ਇਕ ਦੋ ਉਦਾਹਰਣਾਂ ਹਨ :—

(੧) ਗੁਰਮਤਿ ਅਨੁਸਾਰ "ਗ੍ਰਿਹਸਤ ਮਾਰਗ" ਜੀਵਨ ਦਾ ਪ੍ਰਧਾਨ ਮਾਰਗ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਚਨਾਂ ਅਨੁਸਾਰ 'ਇਸਤ੍ਰੀ ਈਮਾਨ' ਹੈ। ਗੁਰ ਫ਼ੁਰਮਾਣ ਹੈ :—

ਨਿਜ ਨਾਰੀ ਕੇ ਸੰਗ ਨੇਹ ਤੁਮ ਨਿਤ
ਬਢੈਯਹੁ ॥ ਪਰ-ਨਾਰੀ ਕੀ ਸੇਜ ਭੂਲਿ ਸੁਪਨੇ
ਹੂੰ ਨ ਜੈਯਹੁ ॥੫੧॥

ਪਰ ਜੇ ਕੋਈ ਪਰ-ਤ੍ਰਿਅ-ਗਾਮੀ ਆਪਣੇ ਵਿਕਾਰੀ ਤੇ ਨਿੰਦਨੀਯ ਕਰਤੱਵ ਨੂੰ ਇਸ ਮੰਤਕ ਦੇ ਅਧਾਰ ਤੇ ਸਿਧ ਕਰਨ ਦਾ ਯਤਨ ਕਰੇ ਕਿ ਉਸ ਵਾਂਗ ਗ੍ਰਿਹਸਤੀ ਵੀ ਤਾਂ ਭੋਗੀ ਹੀ ਹੁੰਦਾ ਹੈ ਤਾਂ ਉਸ ਦਾ ਯਤਨ ਸਦਾ-ਚਾਰਕ ਅਤੇ ਧਾਰਮਿਕ ਸੁਸਾਇਟੀ ਵਿਚ ਨਿਰਾਰਥਕ ਤੇ ਨਿਰੂਮਲ ਸਮਝਿਆ ਜਾਂਦਾ ਹੈ। ਗ੍ਰਿਹਸਤੀ ਅਤੇ ਵਿਕਾਰੀ ਮਨੁਖ ਵਿਚ ਸੱਚ ਤੇ ਝੂਠ ਜਿੰਨਾ ਫ਼ਰਕ ਹੁੰਦਾ ਹੈ। ਪਹਿਲੀ ਕਿਸਮ ਦਾ ਮਨੁਖ ਧਰਮੀ ਹੈ ਤੇ ਦੂਜਾ ਪਤਿਤ-ਕਰਮੀ। ਇਕ ਧਿਰ ਵਲੋਂ "ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ" ਗੁਰ-ਹੁਕਮਾਂ ਦੀ ਪਾਲਨਾ ਕੀਤੀ ਜਾ ਰਹੀ ਹੈ, ਦੂਜੇ ਪਾਸੇ "ਕਾਮੁ ਕ੍ਰੋਧੁ ਕਾਇਆ ਕਉ ਗਾਲੈ" ਵਾਲਾ ਵਰਤਾਰਾ ਵਰਤ ਰਿਹਾ ਹੈ। ਫ਼ਰਕ ਕੇਵਲ ਇਹ ਹੈ ਕਿ ਪਹਿਲੀ ਦਸ਼ਾ ਵਿਚ ਇਹਨਾਂ ਦੀ ਯੋਗ ਅਤੇ ਜ਼ਰੂਰੀ ਵਰਤੋਂ ਹੈ ਤੇ ਦੂਜੀ ਵਿਚ ਅਯੋਗ ਅਤੇ ਭ੍ਰਿਸ਼ਟਾਚਾਰੀ ਵਰਤੋਂ ਹੈ। ਜੋ ਫ਼ਰਕ ਗ੍ਰਿਹਸਤੀ ਤੇ ਵਿਕਾਰੀ ਮਨੁਖ ਵਿਚ ਹੈ, ਓਹੋ ਫ਼ਰਕ "ਰਿਜ਼ਕ" ਪਾਣ ਅਤੇ ਜਾਨਵਰਾਂ ਨੂੰ ਮਾਰ ਕੇ ਪ੍ਰਾਪਤ ਕੀਤੇ "ਮਾਸ" ਵਿਚ ਹੈ।

(੨) ਕੇਸ ਦਸਮ ਦੁਆਰ ਦੇ ਰਾਖੇ ਤੇ ਗੁਰੂ ਪਾਤਸ਼ਾਹ ਦੀਆਂ ਮੋਹਰਾਂ ਹਨ। ਕੇਸਾਂ ਦੀ ਸੁਰਤ-ਸੰਭਾਲ ਕਰਨ ਲਈ ਰਹਿਤਨਾਮੇ ਵਿਚ ਦੋਨੋਂ ਵਕਤ ਕੰਘਾ ਕਰਨ ਦਾ ਹੁਕਮ ਹੈ :—

ਕੰਘਾ ਦੋਵੇਂ ਵਕਤ ਕਰ, ਪੱਗ ਚੁਣੈ ਕਰ ਬਾਂਧਈ।

ਕੰਘਾ ਕਰਨ ਨਾਲ ਕੁਝ ਜੀਵਨ-ਸਤਾ-ਹੀਣ ਹੋ ਚੁਕੇ ਕੇਸ ਕੰਘੇ ਵਿਚ ਆ ਜਾਂਦੇ ਹਨ ਜਾਂ ਥਲੇ ਝੜ ਜਾਂਦੇ ਹਨ। ਦੂਜੇ ਪਾਸੇ ਕੁਝ ਕੁ ਆਪ-ਹੁਦਰੇ ਬਿਗੜ-ਪੰਥੀਏ ਅਖੌਤੀ ਸਿਖ ਕੇਸ ਕਤਲ ਕਰ ਕੇ ਫ਼ੈਸ਼ਨੇਬਲ ਬਣਨ ਲਈ ਗੁਰੂ ਤੋਂ ਬੇਮੁਖ ਹੁੰਦੇ ਹਨ। ਦੋਹਾਂ ਹਾਲਤਾਂ—ਕੇਸਾਂ ਨੂੰ ਕੰਘਾ ਕਰਨ ਵਿਚ ਅਤੇ ਕੇਸਾਂ ਨੂੰ ਕਤਲ ਕਰਨ ਵਿਚ—ਕੇਸ ਉਤਰਦੇ ਹਨ, ਪਰ ਸਾਰੇ ਜਾਣਦੇ ਹਨ ਕਿ ਕੇਸਾਂ ਨੂੰ ਕੰਘਾ ਕਰਨਾ ਕੇਸਾਂ ਦੀ ਪ੍ਰਤਿਪਾਲਨਾ ਕਰਨ ਵਿਚੋਂ ਸ਼ਾਮਲ ਹੈ ਤੇ ਧਰਮੀ ਕਿਰਿਆ ਹੈ ਅਤੇ ਇਸਦੇ ਉਲਟ ਕੇਸ ਕਤਲ ਕਰਨਾ ਪਤਿਤ-ਕਰਮ ਹੈ ਤੇ ਨਿੰਦਨੀਯ ਹੈ। ਇਹੋ ਫ਼ਰਕ ਅੰਨ ਖਾਣ ਤੇ ਜਾਨਵਰਾਂ ਨੂੰ ਮਾਰ ਕੇ ਪ੍ਰਾਪਤ ਕੀਤੇ ਮਾਸ ਖਾਣ ਵਿਚ ਹੈ।

## (੩) ਖਾਧ ਖ਼ੁਰਾਕ ਲਈ ਕਸਵਟੀ—

ਖਾਧ ਖ਼ੁਰਾਕ ਵਿਚ ਖੁਲ੍ਹ ਵਰਤਾਉਣ ਵਾਲਿਆਂ ਵਲੋਂ ਹੇਠ ਲਿਖੀ ਪੰਗਤੀ ਦਾ ਹਵਾਲਾ ਦਿਤਾ ਜਾਂਦਾ ਹੈ :—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ
ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ
॥੧॥ਰਹਾਉ॥

ਆਮ ਕਰਕੇ ਮਨੁਖ 'ਹੋਰੁ' ਦੀ ਥਾਵੇਂ ਗਲਤ ਸ਼ਬਦ 'ਸਾ' ਦੀ ਵਰਤੋਂ ਕਰਦੇ ਹਨ। 'ਸਾ' ਅਤੇ 'ਹੋਰ' ਦੇ ਅਰਥ ਵਿਚ ਬੜਾ ਫ਼ਰਕ ਹੈ ਤੇ ਨਾਲੇ ਕੇਵਲ ਇਕੱਲੀ ਪੰਗਤੀ ਤੋਂ ਠੀਕ ਭਾਵ ਸਪੱਸ਼ਟ ਨਹੀਂ ਹੁੰਦਾ। ਸਾਰੇ ਸ਼ਬਦ ਤੋਂ ਹੀ ਠੀਕ ਪਤਾ ਲਗ ਸਕਦਾ ਹੈ। ਸ਼ਬਦ ਇਸ ਪਰਕਾਰ ਹੈ :—

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ
॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ
ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ
ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ,
ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ
ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ



www.AKJ.Org

ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ॥ [ਸਿਰੀਰਾਗੁ ਮ: ੧, ਪੰਨਾ ੧੬

ਸਮੁੱਚੇ ਤੌਰ ਤੇ ਸ਼ਬਦ ਵਿਚ ਸਦੀਵੀ ਖੁਸ਼ੀ ਤੇ ਖੁਸ਼ਹਾਲੀ ਦੀ ਪ੍ਰਾਪਤੀ ਦੇ ਸਾਧਨ ਨਿਰੂਪਨ ਕੀਤੇ ਹੋਏ ਹਨ :-

ਸ਼ਬਦ ਦੇ ਚਾਰ ਬੰਦ ਹਨ। ਪਹਿਲੇ ਬੰਦ ਵਿਚ ਆਦਸ਼ਕ ਰੂਹਾਨੀ ਖ਼ੁਰਾਕ, ਦੂਜੇ ਵਿਚ ਆਦਰਸ਼ਕ ਰੂਹਾਨੀ ਪੁਸ਼ਾਕ, ਤੀਜੇ ਵਿਚ ਆਦਰਸ਼ਕ ਰੂਹਾਨੀ ਚੜ੍ਹਤ ਅਤੇ ਚੌਥੇ ਵਿਚ ਆਦਰਸ਼ਕ ਰੂਹਾਨੀ ਨੀਂਦ (ਮਸਤੀ) ਸੁਝਾਏ ਗਏ ਹਨ। ਸਾਰੇ ਬੰਦਾਂ ਦੀ ਅਖ਼ੀਰਲੀ ਤੁਕ ਵਿਚ ਗੁਰੂ ਬਾਬੇ ਨੇ ਖ਼ਬਰਦਾਰ ਕੀਤਾ ਹੈ ਕਿ ਹੇ ਭਾਈ ! ਸ਼ਬਦ ਵਿਚ ਨਿਰੂਪਨ ਕੀਤੇ ਗਏ ਆਦਰਸ਼ਕ ਰੂਹਾਨੀ ਖ਼ੁਰਾਕ, ਪੁਸ਼ਾਕ, ਚੜ੍ਹਤ, ਨੀਂਦ ਸਭ ਖ਼ੁਸ਼ੀ ਖੁਆਰ ਅਤੇ ਵਿਕਾਰ ਉਪਜਾਊ ਹਨ।

ਸ਼ਬਦ ਵਿਚ ਰੂਹਾਨੀ ਤੇ ਮਾਦੀ ਕੀਮਤਾਂ ਦਾ ਮੁਕਾਬਲਾ ਹੈ ਤੇ ਰੂਹਾਨੀ ਕਦਰਾਂ-ਕੀਮਤਾਂ ਸਾਹਮਣੇ ਮਾਦੀ ਕਦਰਾਂ-ਕੀਮਤਾਂ ਦਾ ਵੀ ਘਟੀਆ-ਪਨ ਦਰਸਾਇਆ ਹੈ। ਸ਼ਬਦ ਵਿਚ ਨਿਰਣਾ-ਜਨਕ ਸ਼ਬਦ "ਹੋਰ" ਹੈ, ਜੋ ਠੀਕ ਸੇਧ ਦਿੰਦਾ ਹੈ। ਆਸਾ ਦੀ ਵਾਰ ਦੇ ਦਸਵੇਂ ਸਲੋਕ ਵਿਚ ਵੀ ਨਾਮ ਦੇ ਮੁਕਾਬਲੇ ਤੇ ਰਾਜਾ, ਪਰਜਾ, ਸੰਸਾਰ, ਮੰਡਪ, ਮਾੜੀ, ਸੁਇਨਾ, ਰੁਪਾ, ਕਾਇਆ ਕਪੜ, ਮਿਠਾ ਮਾਖਿਓ ਆਦਿ ਸਭ ਕੂੜ ਕਰ ਕੇ ਦਰਸਾਏ ਹਨ। ਸੋ ਸਪੱਸ਼ਟ ਹੈ ਕਿ ਗੁਰੂ ਪਾਤਸ਼ਾਹ ਨਾਮ ਨੂੰ ਜੀਵਨ-ਅਧਾਰ ਬਣਾਉਣ ਦਾ ਉਪਦੇਸ਼ ਕਰ ਰਹੇ ਹਨ, ਤਾਂ ਜੁ ਸਦੀਵੀ ਖ਼ੁਸ਼ੀ ਤੇ ਖੁਸ਼ਹਾਲੀ ਰਵੇ ਤੇ ਬਾਕੀ ਰਸਾਂ ਨੂੰ ਉਸ ਦੇ ਮੁਕਾਬਲੇ ਤੇ ਤੁਛ ਦਰਸਾ ਰਹੇ ਹਨ। ਪਰਗਟ ਹੈ ਕਿ ਇਸ ਸ਼ਬਦ ਦੀਆਂ ਦੋ ਤੁਕਾਂ ਦਾ ਮਾਸ ਖਾਣ ਦੀ ਪੁਸ਼ਟੀ ਵਿਚ ਵਰਤੇ ਜਾਣਾ ਉਹਨਾਂ ਦੀ ਬੇਥਵੀ ਤੇ ਅਯੋਗ ਵਰਤੋਂ ਹੈ, ਕਿਉਂਕਿ ਮਾਸ ਖਾਣਾ ਆਪਣੇ ਆਪ ਵਿਚ ਇਕ ਜਗਤ-ਪ੍ਰਸਿਧ ਵਿਕਾਰ ਹੈ। ਮਾਸ ਖਾਣ ਦਾ ਖਿਆਲ ਹੀ ਜਦੋਂ ਮਨੁਖ ਅੰਦਰ ਅਉਂਦਾ ਹੈ ਤਾਂ ਉਸ ਉਤੇ ਜ਼ੋਰ-ਜ਼ੁਲਮ ਦੀ ਮਾਰੂ ਰੁਚੀ ਸਵਾਰ ਹੋ ਜਾਂਦੀ ਹੈ। ਫਿਰ ਸੰਕਲਪ ਦੀ ਪੂਰਤੀ ਲਈ ਜਾਂ ਤਾਂ ਉਹ ਬੁਚੜ ਦੀ ਦੁਕਾਨ ਤੇ ਜਾਂਦਾ ਹੈ ਜਾਂ ਆਪ ਹੀ ਬੁਚੜ ਦਾ ਕਰਮ ਕਰਦਾ ਹੈ। ਕਿੰਨੀ ਮਜ਼ੇ ਦੀ ਗੱਲ ਹੈ ਕਿ ਜ਼ੋਰ ਜ਼ੁਲਮ ਕਰਦੇ ਹੋਏ ਵੀ ਅਸੀਂ ਸੰਤ-ਖਾਲਸਾ ਸਦਵਾਉਣ ਦਾ ਦਾਅਵਾ ਕਰਦੇ ਹਾਂ, ਭਾਵੇਂ ਕਬੀਰ ਜੀ ਦਾ, ਅਜਿਹੇ ਮਨੁਖਾਂ ਦੀ ਖੁੰਬ ਠਪਣ ਬਾਰੇ ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਣ ਮਿਲਦਾ ਹੈ—

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥

[ਮਾਰੂ ਕਬੀਰ ਜੀ, ਪੰ: ੧੧੦੩

[ਜੀਵਾਂ ਨੂੰ ਮਾਰਦੇ ਹੋ ਤੇ ਇਸ ਨੂੰ ਧਰਮ (ਖ਼ਾਲਸਾ ਰਹਿਤ) ਮੰਨੀ ਬੈਠੇ ਹੋ ਤਾਂ ਅਧਰਮ (ਕੁਰਹਿਤ) ਕੀ ਹੈ। ਜੀਵਾਂ ਨੂੰ ਜ਼ੋਰ ਜ਼ੁਲਮ ਕਰ ਕੇ ਜਾਨੋਂ ਮਾਰ ਕੇ ਸੰਤ ਖਾਲਸਾ ਹੋਣ ਦਾ ਦਾਅਵਾ ਕਰਦੇ ਹੋ ਤਾਂ ਕਸਾਈ ਕਿਸ ਬਲਾ ਦਾ ਨਾਮ ਹੈ ?]

['ਸੂਰਾ' ਪਰਵਾਰ



www.AKJ.Org

# ਸੁਆਦਤਿ ਜੀਅ ਸੰਘਾਰੇ

[ਵਲੋਂ :—ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ]

ਸਤਿਗੁਰ ਰਹੇ ਸ਼ਿਕਾਰ ਖੇਡਦੇ, ਖ਼ਾਤਰ ਜੀਆਂ ਤਾਰਨ।
ਸ਼ੇਰ ਬਘੇਲੇ ਰਿਛਾਂ ਦੇ ਸੀ, ਜੰਮਨ ਮਰਨ ਸੰਵਾਰਨ।
ਜਨਮ ਜਨਮ ਦੇ ਪਏ ਵਿਛੋੜੇ, ਮੁੜ ਕੇ ਫੇਰ ਮਿਲਾਵਨ।
ਲੋੜ ਪਈ ਤਾਂ ਮੋਇਆਂ ਤਾਈਂ, ਫੜ ਕੇ ਉਤਾਂਹ ਜਿਵਾਵਨ।
ਉਹਨਾਂ ਦੇ ਤਾਂ ਕੂਕਰ ਦੁਨੀਆ ਉਤੇ ਪੂਜੇ ਜਾਵਨ।
ਕਰ ਕਰ ਰੀਸ ਉਹਨਾਂ ਦੀ ਐਵੇਂ, ਲੋਕੀ ਪਏ ਦਿਖਲਾਵਨ।

ਦਯਾ ਕਪਾਹ ਸੰਤੋਖ ਸੂਤ ਦੇ, ਅਰਥ ਨਾ ਕਰਦੇ ਭਾਈ।
ਜੀਅ ਦਇਆ ਪਰਵਾਨ ਗੁਰਾਂ ਨੇ, ਦਿਤਾ ਹੁਕਮ ਸੁਣਾਈ।
ਏਹ ਭੀ ਚੇਤਾ ਕਦੇ ਨਾ ਕੀਤਾ, ਦਇਆ ਬਿਨ ਸਿਧ ਕਸਾਈ।
"ਅਸੰਖ ਗਲਵਢ ਹਤਿਆ ਕਮਾਹਿ", ਭੁਲ ਗਈ ਸਭ ਤਾਂਈ।
"ਸੁਆਦਤਿ ਜੀਅ ਸੰਘਾਰੇ" ਵਾਲੀ, ਸਮਝ ਕਦੇ ਨਾ ਪਾਈ।
ਪਰ ਗੁਰੂਆਂ ਦੇ ਮਾਸ ਖਾਣ ਦੇ, ਸ਼ੋਸ਼ੇ ਰਹੇ ਉਡਾਈ।
ਬਾਕੀ ਹੁਕਮ ਨਾ ਮੰਨਣ ਭਾਵੇਂ, ਏਹ ਕੇਡੀ ਚਤੁਰਾਈ।

ਹਕ ਪਰਾਇਆ ਸਿਖਾਂ ਤਾਈਂ, ਸੀ ਮੁਰਦਾਰ ਲਖਾਇਆ।
'ਜਿਤੁ ਪੀਤੈ ਮਤਿ ਦੂਰਿ ਹੋਇ', ਦਾ ਵੀ ਹੁਕਮ ਸੁਣਾਇਆ।
ਨਿੰਦਾ ਚੁਗਲੀ ਹੋਰ ਬਖੀਲੀ, ਤੋਂ ਵੀ ਕਿਵੇਂ ਹਟਾਇਆ।
ਨਾਰ ਪਰਾਈ ਤਾਈਂ ਮਾਵਾਂ, ਭੈਣਾਂ ਵਾਂਗ ਜਤਾਇਆ।
ਦੇਸ਼ ਕੌਮ ਦੀ ਸੇਵਾ ਦਾ ਵੀ, ਕੀਕਰ ਸਬਕ ਸਿਖਾਇਆ।
'ਕਿਰਤੀ' ਹੋਰ ਤਾਂ ਮੰਨਿਆ ਨਾਹੀਂ, ਮਾਸ ਖਾਣ ਨੂੰ ਧਾਇਆ।

ਮਾਸ ਖਾਣ ਦਾ ਝਗੜਾ ਕਰ ਕਰ, ਐਵੇਂ ਸ਼ੋਰ ਮਚਾਵਣ।
ਦਯਾ ਧਰਮ ਦੀ ਸਾਰ ਨ ਜਾਣਨ, ਸਾਹਵੇਂ ਲੁਟ ਲੈ ਜਾਵਣ।
ਕਿਰਤ ਕਰਨ ਉਹ ਜਿਹੜੀ ਸਾਰੇ ਮਾਨਸ ਨੂੰ ਮੂੰਹ ਪਾਵਣ।
ਤਰਸ ਕਿਸੇ ਤੇ ਕਰਨਾ ਹੀ ਨਾ, ਐਸੇ ਦਾਅ ਲਗਾਵਣ।
ਫਿਰ ਵੀ ਆਖਣ ਮਾਸ ਨਹੀਂ ਖਾਂਦੇ, ਐਸੇ ਭਗਤ ਸਦਾਵਣ।
ਬਗਲੇ ਵਾਂਗੂ ਮੀਟ ਮੀਟ ਕੇ, ਅਖਾਂ ਪਏ ਵਿਖਾਵਣ।
ਦਾਅ ਲਗੇ ਤਾਂ ਝਪਟ ਮਾਰ ਕੇ, ਮੱਛੀ ਵਾਂਗ ਉਡਾਵਣ।
'ਕਿਰਤੀ' ਉਹਨਾਂ ਨੂੰ ਗੁਰੂ ਨਾਨਕ, ਮੂਰਖ ਆਖ ਸੁਨਾਵਣ।



www.AKJ.Org

# ਸ੍ਰੀ ਗੁਰੂ ਹਰਿ ਰਾਇ ਜੀ

[ਵਲੋਂ :—ਸ: ਅਮਰਜੀਤ ਸਿੰਘ ਜੀ, ਸ਼ਾਹਬਾਦ ਮਾਰਕੰਡਾ]

ਸ੍ਰੀ ਗੁਰੂ ਹਰਿ ਰਾਇ ਜੀ ਗੁਰੂ ਵਿਰਸੇ ਦੀ ਸ਼ਖਸੀਅਤ ਦਾ ਸਮੁਚਾ ਰੂਪ ਹਨ। ਉਹ ਸੰਤ ਸਿਪਾਹੀ, ਨਿਮਰ ਤੇ ਉਦਾਰ ਹਿਰਦੇ ਵਾਲੇ, ਨਿਰਵੈਰ ਤੇ ਨਿਰਭੈ, ਬਖਸ਼ਿਸ਼ਾਂ ਦੇ ਭੰਡਾਰ, ਰੂਹਾਨੀਅਤ ਦੇ ਪੁੰਜ, ਦ੍ਰਿੜ੍ਹ ਇਰਾਦੇ ਵਾਲੇ, ਗੁਰਬਾਣੀ ਸਤਿਕਾਰ ਪ੍ਰਤੀ ਸਦਾ ਸਾਵਧਾਨ ਅਤੇ ਕਾਬਲ ਪਿਤਾ ਹਨ। ਭਾਈ ਨੰਦ ਲਾਲ ਜੀ ਦੇ ਲਫਜ਼ਾਂ ਵਿਚ ਉਹ ਸੁਲਤਾਨ ਵੀ ਹਨ ਤੇ ਫ਼ਕੀਰ ਵੀ :—

ਸੁਲਤਾਨ ਹਮ ਦਰਵੇਸ਼,
ਗੁਰੂ ਕਰਤਾ ਹਰਿ ਰਾਇ॥

ਗੁਰੂ ਹਰਿ ਰਾਇ ਜੀ ਦਾ ਜਨਮ ਬਾਬਾ ਗੁਰਦਿਤਾ ਜੀ ਦੇ ਗ੍ਰਿਹਿ ਹੋਇਆ। ਮੀਰੀ ਪੀਰੀ ਵਾਲੇ ਪਿਤਾ, ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਆਪ ਨੂੰ ਗੁਰਤਾ ਦਿੰਦਿਆਂ ਫੁਰਮਾਣ ਕੀਤਾ ਕਿ ਆਪਣੇ ਨਾਲ ਹਮੇਸ਼ਾ ੨੨੦੦ ਘੋੜ-ਅਸਵਾਰ ਫ਼ੌਜ ਰਖਣੀ, ਪਰ ਯੁਧ ਨਹੀਂ ਕਰਨਾ, ਮਲ ਨਹੀਂ ਮਾਰਨੀ। ਤਾਣ ਹੁੰਦੇ ਹੋਏ ਨਿਤਾਣੇ ਰਹਿਣਾ ਹੈ। ਸੰਜੋਗ-ਵਸ ਆਪ ਦੇ ਸਮੇਂ ਸਰਕਾਰ ਨਾਲ ਕੋਈ ਟਕਰ ਨਾ ਹੋਈ। ਕੇਵਲ ਇਕ ਵਾਰ ਜਦੋਂ ਦਾਰਾ ਸ਼ਿਕੋਹ ਆਪ ਜੀ ਦੀ ਸ਼ਰਨ ਆਇਆ ਤਾਂ ਆਪ ਦੀਆਂ ਫ਼ੌਜਾਂ ਨੇ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਦਰਿਆ ਪਾਰ ਉਤਨੀ ਦੇਰ ਰੋਕੀ ਰਖਿਆ ਜਦ ਤਕ ਦਾਰਾ ਸ਼ਿਕੋਹ ਦੂਰ ਨਹੀਂ ਨਿਕਲ ਗਿਆ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ
ਬਿਰਦੁ ਸੁਆਮੀ ਸੰਦਾ॥

[ਬਿਹਾਗੜਾ ਮ: ੫, ਪੰਨਾ ੫੪੪

ਦੀ ਸਿਖੀ ਰਵਾਇਤ ਅਨੁਸਾਰ ਆਪ ਨੇ ਦਾਰਾ ਦੀ ਮਦਦ ਕੀਤੀ, ਇਹ ਜਾਣਦੇ ਹੋਏ ਵੀ ਕਿ ਇਸ ਦੇ ਇਵਜ਼ ਵਜੋਂ ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਵੇਗਾ। ਪਰੰਤੂ ਅਕਾਲ ਦੇ ਸਪੂਤ ਨੂੰ ਡਰ ਕਾਹਦਾ? ਆਪ ਨੇ ਨਿਰਭੈਤਾ ਸਹਿਤ ਸ਼ਰਨ ਆਏ ਦੀ ਸਹਾਇਤਾ ਕੀਤੀ।

'ਦਾਰਾ ਦੀ ਮਦਦ' ਦਾ ਇਲਜ਼ਾਮ ਲਾ ਕੇ ਔਰੰਗਜ਼ੇਬ ਨੇ ਆਪ ਨੂੰ ਸਦ. ਭੇਜਿਆ। ਆਪ ਨੇ, ਆਪਣੀ ਥਾਂ ਵਡੇ ਬੇਟੇ ਬਾਬਾ ਰਾਮ ਰਾਇ ਜੀ ਨੂੰ ਉਪਦੇਸ਼ ਦੇ ਕੇ ਭੇਜਿਆ ਕਿ ਦਰਬਾਰ ਵਿਚ ਜਾ ਕੇ ਬਾਦਸ਼ਾਹੀ ਰੋਅਬ-ਅਧੀਨ ਨਹੀਂ ਆਣਾ ਅਤੇ ਨਿਡੱਰਤਾ ਸਹਿਤ ਗੁਰਮਤਿ ਦੇ ਅਸੂਲਾਂ ਤੇ ਕਦਰਾਂ ਕੀਮਤਾਂ ਦੀ ਵਿਆਖਿਆ ਕਰਨੀ। ਪਰ ਬਾਬਾ ਰਾਮ-ਰਾਇ ਬਾਦਸ਼ਾਹ ਵਲੋਂ ਕੀਤੇ ਸੁਆਗਤ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕੇ। ਆਪ ਨੇ ਕਰਾਮਾਤਾਂ ਵੀ ਦਿਖਾਈਆਂ ਤੇ ਬਾਦਸ਼ਾਹ ਦੇ ਸੁਆਲ ਕਰਨ ਤੇ ਗੁਰਬਾਣੀ ਦਾ ਇਕ ਲਫ਼ਜ਼ ਵੀ ਉਲਟਿਆ। ਉਹ ਕੋਮਲ-ਚਿਤ ਗੁਰੂ-ਪਾਤਿਸ਼ਾਹ, ਜੋ ਜਾਮੇ ਨਾਲ ਇਕ ਫੁੱਲ ਅੜ ਕੇ ਟੁਟ ਜਾਣ ਤੇ ਉਦਾਸ ਹੋ ਗਏ ਸਨ, ਪੁਤਰ ਵਲੋਂ ਗੁਰਬਾਣੀ ਦਾ ਲਫ਼ਜ਼ ਬਦਲਿਆ ਜਾਣਾ ਸੁਣ ਕੇ ਹੀਰੇ ਵਤ ਕਠੋਰ ਹੋ ਗਏ। ਆਪ ਨੇ ਹੁਕਮ ਭੇਜਿਆ ਕਿ ਰਾਮ ਰਾਇ ਕਦੇ ਉਹਨਾਂ ਦੇ ਮਥੇ ਨਾ ਲਗੇ। ਰਾਮ ਰਾਇ ਵਲੋਂ ਮੁਆਫ਼ੀ ਮੰਗਣ ਤੇ ਆਪ ਜੀ ਨੇ ਕਹਿ ਭੇਜਿਆ ਕਿ ਦੁਨਿਆਵੀ ਬਾਦਸ਼ਾਹ ਦੇ ਰੋਅਬ ਅਧੀਨ ਆਣ ਵਾਲੇ ਤੇ ਗੁਰਬਾਣੀ ਦਾ ਅਨਾਦਰ ਕਰਨ ਵਾਲੇ ਲਈ, ਗੁਰੂ ਨਾਨਕ ਪਾਤਿਸ਼ਾਹ ਦੇ ਦਰਬਾਰ ਵਿਚ ਕੋਈ ਥਾਂ ਨਹੀਂ।

(ਵਾਹਿਗੁਰੂ ਜੀ ਕਿਰਪਾ ਕਰਨ, ਅਜ ਦੇ ਅਖੌਤੀ ਸੰਤ ਆਪਣੀਆਂ ਉਲਟੀਆਂ ਸਿਧੀਆਂ ਧਾਰਨਾਂ ਨੂੰ ਤਿਲਾਂਜਲੀ ਦੇ ਕੇ, ਗੁਰਬਾਣੀ ਦੀਆਂ ਧਾਰਨਾਂ ਉਤੇ ਕੀਰਤਨ ਕਰ ਕੇ ਗੁਰੂ ਘਰ ਦੀ ਕਿਰਪਾ ਦੇ ਪਾਤਰ ਬਣਨ !!)

ਸ੍ਰੀ ਗੁਰੂ ਹਰਿ ਰਾਇ ਜੀ ਮਾਲਵੇ ਵਿਚ ਰਹਿ ਰਹੇ ਸਨ ਕਿ ਇਕ ਦਿਨ ਭਾਈ ਕਲਾ ਆਪਣੇ ਭਤੀਜਿਆਂ ਨੂੰ ਲੈ ਕੇ ਦੀਵਾਨ ਵਿਚ ਹਾਜ਼ਰ ਹੋਇਆ। ਬੱਚੇ ਢਿਡ ਵਜਾ ਵਜਾ ਕੇ ਭੁਖੇ ਹੋਣ ਦਾ ਇਜ਼ਹਾਰ ਕਰ ਰਹੇ ਸਨ। ਕਿਰਪਾਲੂ ਪਿਤਾ ਗੁਰੂ ਹਰਿ ਰਾਇ ਜੀ ਨੇ ਬਖਸ਼ਿਸ਼



www.AKJ.Org

ਦੀ ਨਜ਼ਰ ਕਰਦੇ ਹੋਏ ਕਿਹਾ ਕਿ ਭਾਈ ਕਲਾ! ਇਹਨਾਂ ਦੇ ਘੋੜੇ ਦਰਿਆ ਜਮਨਾ ਦਾ ਪਾਣੀ ਪੀਆ ਕਰਨਗੇ ਅਤੇ ਇਹਨਾਂ ਦੀ ਵੰਸ ਪੀੜ੍ਹੀਆਂ ਤਕ ਰਾਜ ਕਰੇਗੀ। ਪਟਿਆਲਾ, ਨਾਭਾ ਤੇ ਜੀਂਦ-ਪਤੀ ਇਸੇ ਬਖਸ਼ਿਸ਼ ਦਾ ਆਨੰਦ ਮਾਣਦੇ ਰਹੇ ਹਨ।

ਆਪ ਸ਼ਿਕਾਰ ਕਰਦੇ ਸਨ, ਪਰੰਤੂ ਜਾਨਵਰਾਂ ਤੇ ਪੰਛੀਆਂ ਨੂੰ ਮਾਰਨ ਦੀ ਬਜਾਏ ਉਹਨਾਂ ਨੂੰ ਜੀਂਦੇ ਫੜ ਲਿਆਂਦੇ ਅਤੇ ਗੁਰੂ ਕੇ ਬਾਗਾਂ ਵਿਚ ਉਹਨਾਂ ਦੀ ਪਾਲਣਾ ਪੋਸਣਾ ਕਰਦੇ।

ਗੁਰੂ-ਘਰ ਹਮੇਸ਼ਾ ਨਿਰਵੈਰ ਹੈ। ਇਸ ਦਾ ਅਮਲੀ ਸਬੂਤ ਆਪ ਨੇ ਉਸ ਸਮੇਂ ਦਿਤਾ ਜਦ ਬਾਦਸ਼ਾਹ ਸ਼ਾਹ ਜ਼ਹਾਨ ਦੇ ਪੁਤਰ ਦਾਰਾ ਸ਼ਿਕੋਹ ਲਈ ਤਜਵੀਜ਼ ਕੀਤੀ ਦਵਾ, ਹਿੰਦੁਸਤਾਨ ਭਰ ਦੇ ਦਵਾਖ਼ਾਨਿਆਂ 'ਚੋਂ ਨਾ ਮਿਲਣ ਤੇ ਆਪ ਨੇ ਭੇਜੀ।

ਆਪ ਗੁਰਬਾਣੀ ਦਾ ਅਦੁਤੀ ਸਤਿਕਾਰ ਕਰਦੇ ਸਨ। ਇਕ ਵਾਰ ਸੰਗਤ ਸ਼ਬਦ-ਕੀਰਤਨ ਕਰਦੀ ਆ ਰਹੀ ਸੀ, ਆਪ ਜੀ ਪਲੰਘ ਤੇ ਬਿਰਾਜਮਾਨ ਸਨ। ਬਾਣੀ ਦੀ ਤੁਕ ਕੰਨੀਂ ਪੈਂਦੇ ਹੀ ਆਪ ਪਲੰਘ ਤੋਂ ਥਲੇ ਉਤਰ ਆਏ। ਇਸ ਜਲਦੀ ਵਿਚ ਆਪ ਦੇ ਗੋਡੇ ਨੂੰ ਸੱਟ ਵੀ ਲਗੀ, ਪਰੰਤੂ ਸਾਡੇ ਲਈ ਇਹ ਸਿਖਿਆ ਛਡ ਗਏ ਕਿ ਗੁਰਬਾਣੀ ਦਾ ਸਤਿਕਾਰ ਕਿਵੇਂ ਕਰੀਦਾ ਹੈ।

## ਅਪਣਾਉਣ ਯੋਗ ਆਦਰਸ਼ਕ ਰੀਤ

ਪਿਛਲੇ ਮਹੀਨੇ ੬ ਮਾਰਚ ਪਿੰਡ ਕੁਰਾਲਾ ਕਲਾਂ ਵਿਖੇ ਸੁਬਹ ਸ੍ਰੀ ਅਖੰਡ-ਪਾਠ ਦੇ ਭੋਗ ਉਪ੍ਰੰਤ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨਾਂ ਅੰਦਰ ਇਕ ਵਿਸ਼ੇਸ਼ ਸਲਾਹੁਣ-ਯੋਗ ਰੀਤ ਚਲਾਈ ਗਈ। ਦੋਹਾਂ ਸਮਾਗਮਾਂ ਅੰਦਰ ਪੋਥੀ ਦੀ ਸਹਾਇਤਾ ਤੋਂ ਬਿਨਾਂ, ਕੰਠ ਕੀਤੀ ਬਾਣੀ ਵਿਚੋਂ ਕੀਰਤਨ ਕੀਤੇ ਗਏ। ਇਹ ਚਾਲ ਨਿਰਾਲੀ ਸਭ ਦੇ ਅਪਣਾਉਣ ਵਾਲੀ ਹੈ। ਐਸਾ ਕਰਨ ਨਾਲ ਕੀਰਤਨੀ ਜੱਥਿਆਂ ਵਿਚ ਬਾਣੀ ਕੰਠ ਕਰਨ ਦਾ ਉਤਸ਼ਾਹ ਵਧਣ ਦੇ ਨਾਲ ਨਾਲ ਪਵਿਤਰ ਬਾਣੀ ਦਾ ਸਤਿਕਾਰ ਪਿਆਰ ਪ੍ਰਫੁਲਤ ਹੋਵੇਗਾ। ਦਾਸਰਾ—ਜਸਵੰਤ ਸਿੰਘ

---

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸੰਗਤਾਂ ਦੀ ਸੇਵਾ ਵਿਚ ਸਨਿਮਰ ਬਿਨੈ ਹੈ ਕਿ ਦਾਸ ਦੇ ਗ੍ਰਿਹ ਵਿਖੇ ੧੭ ਅਪ੍ਰੈਲ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਹੋਣਗੇ ਤੇ ਉਸੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਗੁਰੂ-ਪਿਆਰੀਆਂ ਸੰਗਤਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ।

ਦਾਸਰਾ—ਦੁਰਲਭ ਸਿੰਘ, 2416-ਡੀ. ਸੀ. ਰੋਡ, ਅੰਬਾਲਾ ਛਾਉਣੀ

---

## ਗੁਰੂ ਕੇ ਮਹਿਲ ਵਿਖੇ ਨੌਵੇਂ ਪਾਤਸ਼ਾਹ ਜੀ ਦਾ ਅਵਤਾਰ

ਐਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਵਤਾਰ ਧਾਰਨ ਦਾ ਗੁਰਪੁਰਬ ੧੮ ਅਪ੍ਰੈਲ ੧੯੭੬ ਨੂੰ ਹੈ। ਸ੍ਰੀ ਗੁਰੂ ਤੇਗ ਬਹਾਦਰ ਫ਼ੈਡਰੇਸ਼ਨ ਅੰਮ੍ਰਿਤਸਰ ਵਲੋਂ ਸਤਿਗੁਰਾਂ ਦੇ ਜਨਮ-ਅਸਥਾਨ "ਗੁਰੂ ਕੇ ਮਹਿਲ" ਵਿਖੇ ਇਸ ਦਿਨ ਸ੍ਰੀ ਅਖੰਡਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਮ੍ਰਿਤ ਬਾਣੀ ਦੇ ਕੀਰਤਨ ਦੁਆਰਾ ਗੁਰਪੁਰਬ ਮਨਾਏ ਜਾਣਗੇ। ਸੰਗਤਾਂ ਸਤਿਗੁਰੂ ਜੀ ਦੀਆਂ ਹਾਜ਼ਰੀਆਂ ਭਰ ਕੇ ਖ਼ੁਸ਼ੀਆਂ ਪ੍ਰਾਪਤ ਕਰਨ।

---

## ਜੇਠ ਸੁਦੀ ਚੌਥ ਹੁਸ਼ਿਆਰਪੁਰ ਵਿਖੇ

ਪਿਛਲੇ ਸਾਲ ਵਾਂਗ ਐਤਕੀ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਹੁਸ਼ਿਆਰਪੁਰ ਵਿਖੇ ਹੋਣਗੇ। ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਵੇਖੋ।



www.AKJ.Org

# "ਪੂਰਬ ਕਰਮ ਅੰਕੁਰ ਜਬ ਪ੍ਰਗਟੇ"

[ਵਲੋਂ :—ਡਾਕਟਰ ਗੁਰਬਚਨ ਸਿੰਘ ਜੀ, ਜਲੰਧਰ]

੧੯੩੬ ਦੀ ਵਾਰਤਾ ਹੈ। ਡਗਸ਼ਈ (ਸ਼ਿਮਲਾ ਹਿਲਜ਼) ਵਿਖੇ, ਰੁੱਤ ਗਰਮੀਆਂ ਦੀ ਅਤੇ ਪਹਾੜ ਦਾ ਸੁਹਾਵਣਾ ਦ੍ਰਿਸ਼। ਦਾਸ ਦੀ ਰਿਹਾਇਸ਼ ਸਰਕਾਰੀ ਨੌਕਰੀ ਦੇ ਸੰਬੰਧ ਵਿਚ ਉੱਥੇ ਹੀ ਸੀ।

ਗੁਰਪੁਰ ਵਾਸੀ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਭੀ, ਜੱਥੇ ਦੇ ਕੁਝ ਸਿੰਘਾਂ ਸਮੇਤ, ਉੱਥੇ ਹੀ ਇਕ ਗੁਫਾ ਵਿਚ ਬਿਰਾਜਿਆ ਕਰਦੇ ਸਨ। ਹਰ ਐਤਵਾਰ ਅੰਮ੍ਰਿਤ ਵੇਲੇ ਅਤੇ ਬਾਕੀ ਦਿਨੀਂ ਸ਼ਾਮੀਂ ਰਹਿਰਾਸ ਅਤੇ ਉਸ ਤੋਂ ਪਿਛੋਂ ਸਮਾਪਤੀ ਤਕ, ਸੰਗਤਾਂ ਨੂੰ ਅੰਮ੍ਰਿਤ ਕੀਰਤਨ ਦੁਆਰਾ ਨਿਹਾਲ ਕੀਤਾ ਕਰਦੇ ਸਨ। ਦਾਸਰਾ ਭੀ ਕਦੇ ਕਦਾਈਂ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਿਆ ਕਰਦਾ ਸੀ।

ਕਦੇ ਕਦਾਈਂ ਡਗਸ਼ਈ ਦੀ ਸੰਗਤ ਚੋਂ ਇੱਕੇ-ਦੁੱਕੇ ਸੱਜਨ ਸ੍ਰੀ ਭਾਈ ਸਾਹਿਬ ਜੀ ਦੇ ਦਰਸ਼ਨਾਂ ਵਾਸਤੇ, ਉਨ੍ਹਾਂ ਦੀ ਰਿਹਾਇਸ਼ੀ ਗੁਫਾ ਵੱਲ ਚਲੇ ਜਾਇਆ ਕਰਦੇ ਸਨ।

ਇਕ ਸ਼ਨੀਵਾਰ, ਲੌਢੇ ਵੇਲੇ, ਦਾਸ ਭੀ ਕੁਝ ਸਾਥੀਆਂ ਸਮੇਤ ਉੱਧਰ ਜਾ ਨਿਕਲਿਆ। ਸਾਧਾਰਨ ਤੌਰ ਤੇ ਬਚਨ ਬਿਲਾਸ ਹੁੰਦੇ ਰਹੇ। ਵਾਪਸ ਮੁੜਨ ਸਮੇਂ ਸਤਿਕਾਰ ਯੋਗ ਸ੍ਰੀ ਭਾਈ ਸਾਹਿਬ ਜੀ ਨੇ ਇਉਂ ਫੁਰਮਾਇਆ—

"ਗੁਰਮੁੱਖੋ, ਅੰਮ੍ਰਿਤ ਵੇਲੇ ਉਠਿਆ ਕਰੋ ਅਤੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੋ।"

ਅਚਾਨਕ ਹੀ ਦਾਸ ਦੇ ਮੂੰਹੋਂ ਨਿਕਲਿਆ—"ਬਜ਼ੁਰਗੋ, ਜੇ ਕਰ ਪਤਾ ਹੀ ਨਾ ਲੱਗੇ, ਅੰਮ੍ਰਿਤ ਵੇਲਾ ਕਦ ਹੋਇਆ ਹੈ? ਇੱਥੇ ਤੇ ਨਿੰਦ੍ਰਾ ਇਤਨੀ ਗਹਿਰੀ ਹੁੰਦੀ ਹੈ ਕਿ ਸੂਰਜ ਚੜ੍ਹੇ ਦਾ ਭੀ ਪਤਾ ਨਹੀਂ ਲਗਦਾ।"

ਜਵਾਬ ਵਜੋਂ ਸ੍ਰੀ ਭਾਈ ਸਾਹਿਬ ਜੀ ਕੇਵਲ ਮੁਸਕਰਾਏ।

ਇਸ ਦਾਸਰੇ ਨੂੰ ਕੀ ਪਤਾ ਸੀ ਕਿ ਇਸ ਮੁਸਕ੍ਰਾਹਟ ਵਿਚ ਕੀ ਰਾਜ਼ ਹੈ। ਸੈਰ ਕਰਦੇ ਹੋਏ, ਆਪੋ ਆਪਣੀ ਘਰੀਂ ਪੁੱਜ ਗਏ।

ਅਗਲੀ ਸਵੇਰ, ਐਤਵਾਰ, ਹਮੇਸ਼ਾ ਵਾਂਗ ਅੰਮ੍ਰਿਤ ਵੇਲੇ, ਗੁਰਦਵਾਰਾ ਸਾਹਿਬ ਵਿਖੇ ਕੀਰਤਨ ਹੋਣਾ ਸੀ। ਗੁਰਦਵਾਰਾ ਦਾਸ ਦੇ ਬੰਗੇ ਤੋਂ ਕੋਈ ੩੦੦ ਗਜ ਦੇ ਫ਼ਾਸਲੇ ਤੇ ਸੀ। ਓਹੀ ਗੂੜ੍ਹੀ ਨਿੰਦਰਾ। ਅਚਾਨਕ ਹੀ ਕਿਸੇ ਆਵਾਜ਼ ਨੇ ਹਲੂਣ ਦਿੱਤਾ। ਇਕਦਮ! ਕੰਨਾਂ ਵਿਚ ਇੰਜ ਆਵਾਜ਼ ਪਈ–ਬੜੀ ਜੋਸ਼ੀਲੀ—"ਹਰਿ ਅੰਮ੍ਰਿਤ ਭਗਤਿ ਭੰਡਾਰ ਹੈ"। ਮਾਨੋ ਘਰ ਦੀ ਦੀਵਾਰ ਦੀ ਖਿੜਕੀ ਦੇ ਪਿਛਲੇ ਪਾਸਿਓਂ, ਉਪ੍ਰੋਕਤ ਸ਼ਬਦ ਉਚਾਰਨ ਸ੍ਰੀ ਭਾਈ ਸਾਹਿਬ ਜੀ ਦੇ ਪਵਿਤਰ ਮੁਖਾਰ-ਬਿੰਦ ਤੋਂ ਹੋਏ ਸੁਣੇ ਅਤੇ ਨਾਲ ਹੀ ਉਨ੍ਹਾਂ ਦੇ ਕੜਿਆਂ ਦੀ ਛਣਕਾਰ। ਤੁਕ ਦੇ ਅਗਲੇ ਬੋਲ 'ਗੁਰ ਸਤਿਗੁਰ ਪਾਸੇ ਰਾਮ ਰਾਜੇ" ਅਤੇ ਪੂਰੇ ਛੱਕੇ ਦਾ ਕੀਰਤਨ, ਗੁਰਦਵਾਰਾ ਸਾਹਿਬ ਤੋਂ ਸੁਣਾਈ ਦੇਣ ਲੱਗਾ। ਦਾਸ ਦੀ ਹੈਰਾਨਗੀ ਹਾਲਾਂ ਉਸੇ ਤਰ੍ਹਾਂ ਹੀ ਸੀ, ਚਾਰਪਾਈ ਤੇ ਪਏ ਹੋਏ ਦੀ, ਕਿ ਨਾਲ ਵਾਲੀ ਚਾਰਪਾਈ ਤੇ, ਜਿੱਥੇ ਮੇਰੇ ਬਿਧ ਮਾਤਾ ਜੀ ਵਿਸ਼ਰਾਮ ਕਰ ਰਹੇ ਸਨ, ਇਕ-ਦਮ ਬੋਲ ਉੱਠੇ—

"ਗੁਰਬਚਨ ਸਿੰਘ, ਕੀ ਇੱਥੇ ਸ੍ਰੀ ਭਾਈ ਸਾਹਿਬ ਜੀ ਆਏ ਸਨ?"

"ਕਿਉਂ?"

"ਹੁਣੇ ਹੀ ਉਨ੍ਹਾਂ ਦੇ ਕੜਿਆਂ ਦਾ ਖੜਕਾਰ, ਖਿੜਕੀ ਪਿੱਛੋਂ ਸੁਣਾਈ ਦਿੱਤਾ ਹੈ।"

ਇਹ ਸਭ ਕੁਝ ਮਾਨੋ ਅੱਖ ਦੇ ਫੋਰ ਵਿਚ ਹੀ ਬੀਤਿਆ ਸੀ। ਸਾਵਧਾਨ ਹੋਏ, ਇਸ਼ਨਾਨ ਪਾਨ ਤੋਂ ਫ਼ਾਰਿਗ ਹੋ, ਦਾਸ, ਨਾਲ ਮਾਤਾ ਜੀ ਅਤੇ ਸਿੰਘਣੀ, ਗੁਰਦਵਾਰਾ ਸਾਹਿਬ ਪਹੁੰਚੇ। ਹਾਜ਼ਰਾ ਹਜ਼ੂਰ ਸਤਿਗੁਰੂ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਜਾ ਮੱਥਾ ਟੇਕਿਆ। ਸੱਜੇ ਪਾਸੇ ਸ੍ਰੀ ਭਾਈ ਸਾਹਿਬ ਜੀ

[ਬਾਕੀ ਸਫ਼ਾ ੩੯ ਦੇ ਹੇਠ]



www.AKJ.Org

# ਵੀਰ ਖ਼ਾਲਸਾ ਉਠ ਪਹਿਚਾਨ ਮੌਕਾ

[ਵਲੋਂ :—ਸ: ਮਹਿੰਦਰ ਸਿੰਘ ਜੀ ਸ਼ਹਿਰੀਆ C/o 56 A.P.O.]

ਵੀਰ ਖਾਲਸਾ ਉਠ ਪਹਿਚਾਨ ਮੌਕਾ, ਤੇਰੀ ਇਜ਼ਤ ਦਾ ਪਿਆ ਅਪਮਾਨ ਹੁੰਦੈ।
ਅੱਖਾਂ ਮੁੰਦ ਕੇ ਕਿਉਂ ਤੂੰ ਬੈਠਿਆ ਏਂ, ਸਿੱਖੀ ਵਾਲੜਾ ਬਾਗ਼ ਵੇਰਾਨ ਹੁੰਦੈ।
ਮਾਲੀ ਆਪ ਸੈਂ ਏਸ ਬਗੀਚੜੇ ਦਾ, ਦਿਲ ਸੋਚ ਕੇ ਬਹੁਤ ਹੈਰਾਨ ਹੁੰਦੈ।
ਫੁੱਲ ਤੋੜ ਕੇ ਸਿੱਖੀ ਸ਼ਾਨ ਵਾਲੇ, ਹਥੀਂ ਆਪਣੀ ਕਿਉਂ ਵੈਰਾਨ ਹੁੰਦੈ।
ਜਿਨ੍ਹੇ ਬਾਗ਼ ਲਾਇਆ ਸਿੱਖੀ ਸ਼ਾਨ ਵਾਲਾ, ਕਿੰਨਾ ਸੁਘੜ ਸੀਗਾ ਉਹ ਆਪ ਸਿੰਘਾ!
ਜੇ ਤੂੰ ਬਾਗ਼ ਵਿਚੋਂ ਫੁੱਲ ਤੋੜਿਆ ਤੇ, ਓਦ੍ਹਾ ਪਵੇਗਾ ਤੈਨੂੰ ਸਰਾਪ ਸਿੰਘਾ!
ਜਾਣ ਬੁੱਝ ਕੇ ਕਿਉਂ ਅਨਜਾਣ ਬਣਿਐਂ, ਤੈਨੂੰ ਯਾਦ ਤਾਂ ਸਭ ਕਹਾਣੀਆਂ ਨੇ।
ਗੁਰੂ ਨਾਨਕ ਤੋਂ ਗੁਰੂ ਦਸਵੇਂ ਤੱਕ ਆਦਿ ਅੰਤ ਜੋ ਹੋਈਆਂ ਪੁਰਾਣੀਆਂ ਨੇ।
ਉਹਨਾਂ ਸ਼ਹੀਦਾਂ ਮੁਰੀਦਾਂ ਨੂੰ ਭੁੱਲ ਬੈਠੋਂ, ਪਾਈਆਂ ਤੇਰੇ ਲਈ ਜਿਨ੍ਹਾਂ ਕੁਰਬਾਨੀਆਂ ਨੇ।
ਕਿਸ ਜੰਮਿਆ, ਕਿਸ ਇਹ ਵੇਸ ਦਿਤਾ, ਇਹ ਗੱਲਾਂ ਨਾ ਮੂਲ ਪਹਿਚਾਨੀਆਂ ਨੇ।
ਜਿਨ੍ਹੇ ਗਿੱਦੜੋਂ ਸ਼ੇਰ ਬਣਾ ਦਿਤਾ, ਕਰ ਉਹਦਾ ਵੀ ਕਦੇ ਤੂੰ ਖ਼ਿਆਲ ਸਿੰਘਾ!
ਹਰ ਰਣ ਅੰਦਰ ਫ਼ਤਹ ਬਖ਼ਸ਼ ਦਊ, ਰਹੂ ਤੇਰੇ ਤੇ ਸਦਾ ਕਿਰਪਾਲ ਸਿੰਘਾ!

---

ਜੱਥੇ ਸਮੇਤ ਇਲਾਹੀ ਕੀਰਤਨ ਕਰ ਰਹੇ ਸਨ। ਮੱਥਾ ਟੇਕਦੇ ਸਾਰ, ਸੱਜੇ ਪਾਸੇ, ਦਾਸ ਦੀਆਂ ਅੱਖਾਂ, ਸ੍ਰੀ ਭਾਈ ਸਾਹਿਬ ਜੀ ਦੇ ਚੁੰਬਕ ਨੈਣਾਂ ਨਾਲ ਮਿਲੀਆਂ, ਇਕ ਅਲੌਕਿਕ ਖ਼ੁਸ਼ੀ ਵਿਚ ਰੰਗ-ਰੱਤੜੇ ਨੈਣ ਅਤੇ ਚਿਹਰੇ ਦਾ ਜਲਾਲ! ਕੁਝ ਪੁੱਛ ਕਰ ਰਹੇ ਜਾਪਦੇ ਸਨ :—"ਕੀ ਭਾਈ, ਜਾਗ ਖੁਲ੍ਹ ਗਈ?"

ਦਾਸ ਨੇ ਅੰਤਰ-ਆਤਮੇ ਨਮਸਕਾਰ ਕੀਤੀ ਅਤੇ ਹੱਥ ਜੁੜ ਗਏ। ਸੰਗਤ ਵਿਚ ਜਾ ਬਿਰਾਜਿਆ। ਸ੍ਰਵਣਾਂ ਰਾਹੀਂ ਆਤਮਾ, ਲੱਗਾ ਰੱਬੀ ਕੀਰਤਨ ਦਾ ਅਨੰਦ ਮਾਨਣ ਅਤੇ ਇਹ ਵੇਗ ੧੨–੧ ਵਜੇ ਦੀਵਾਨ ਦੀ ਸਮਾਪਤੀ ਦੇ ਸਮੇਂ ਤਕ ਚਲਦਾ ਰਿਹਾ। ਸਮਾਪਤੀ ਉਪ੍ਰੰਤ, ਸਮੂਹ ਸੰਗਤ ਮਾਈ ਭਾਈ ਆਪੋ ਆਪਣੀ ਘਰੀਂ ਟੁਰ ਪਏ।

ਦਾਸ ਉਸੇ ਤਰ੍ਹਾਂ ਹੀ ਬੈਠਾ, ਭਾਈ ਸਾਹਿਬ ਜੀ ਦੇ ਨੂਰਾਨੀ ਚਿਹਰੇ ਵੱਲ ਤੱਕੀ ਜਾ ਰਿਹਾ ਸੀ।

ਉਪਰੰਤ ਬੜੇ ਜਲਾਲੀ ਲਹਿਜੇ ਵਿਚ ਸ੍ਰੀ ਭਾਈ ਸਾਹਿਬ ਜੱਥੇ ਦੇ ਸਿੰਘਾਂ ਵੱਲ ਤੱਕਦੇ ਹੋਏ ਫੁਰਮਾਣ ਲੱਗੇ–"ਗੁਰਮੁਖੋ, ਕਰੋ ਬਾਟੇ ਦਾ ਇੰਤਜ਼ਾਮ, ਇਸ ਗੁਰਮੁਖ ਨੂੰ ਚੜ੍ਹਾਓ ਜਹਾਜ਼ੇ।" ਖ਼ੁਸ਼ੀਆਂ ਹੋ ਆਈਆਂ।

ਅਗਲੇ ਸ਼ਨੀਵਾਰ ਦੀ ਸ਼ਾਮ, ਕਈ ਸਿੰਘ, ਪਰਵਾਰ ਅਤੇ ਨਾਲ ਹੀ ਦਾਸ, ਸਿੰਘਣੀ ਅਤੇ ਮੇਰੇ ਬਿਧ ਮਾਤਾ ਜੀ ਤੇ ਮਿਹਰ ਹੋਣ ਲੱਗੀ। ਅੰਮ੍ਰਿਤ ਸਮਾਗਮ ਰਾਤ੍ਰੀ ਦੋ ਢਾਈ ਵਜੇ ਤਕ ਚਲਦਾ ਰਿਹਾ। ਦਾਸ ਤੇ ਬੇਸੁਧ ਸੀ, ਖੰਡਾ ਖੜਕ ਰਿਹਾ ਸੀ। ਸ੍ਰੀ ਭਾਈ ਸਾਹਿਬ ਜੀ ਭੀ ਪਹੁੰਚ ਚੁੱਕੇ ਸਨ। ਪਹਿਲਾ ਸ਼ਬਦ ਹੀ ਇਕ ਜਲਾਲੀ ਰਹੱਸਯ ਵਿਚ ਕੀਰਤਨ ਰਾਹੀਂ ਆਰੰਭ ਹੋਇਆ, ਭਾਈ ਸਾਹਿਬ ਜੀ ਦੇ ਪਵਿਤਰ ਮੁਖਾਰਬਿੰਦ ਤੋਂ :—

"ਗੁਰਿ ਪੂਰੇ ਮੇਰੀ ਰਾਖਿ ਲਈ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ, ਜਨਮ ਜਨਮ ਕੀ ਮੈਲੁ ਗਈ"॥ [ਬਿਲਾਵਲੁ ਮ: ੫, ਪੰਨਾ ੮੨੩

ਇਕ ਅਲੌਕਿਕ ਦ੍ਰਿਸ਼ ਸੀ। ਦਾਸ ਅਤੇ ਸੰਗਤਾਂ ਵਿਚੋਂ ਕਈ ਇਕ ਦੇ ਮਾਨੋ ਵੈਰਾਗ-ਮਈ ਕੜ ਪਾਟ ਰਹੇ ਸਨ—

"ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ॥"
[ਪੰਨਾ ੧੩੭੦

ਧੰਨ ਗੁਰਸਿਖ, ਧੰਨ ਗੁਰਸਿੱਖੀ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ॥

---

**ਵੀਰ ਜੀ, ਚਿੱਠੀ ਪੱਤਰ** ਕਰਨ ਤੇ ਰਕਮ ਭੇਜਣ ਸਮੇਂ ਚਿੱਟ ਨੰਬਰ ਦਾ ਹਵਾਲਾ ਜ਼ਰੂਰ ਦਿਓ।

www.AKJ.Org

# ਸਿਖ ਜਗਤ ਲਈ ਚੈਲੰਜ

[ਵਲੋਂ :— ਪ੍ਰਿ: ਅਵਤਾਰ ਸਿੰਘ ਜ਼ਾ ਐਮ. ਏ., ਸ਼ਾਹਬਾਦ ਮਾਰਕੰਡਾ]

ਚਿਰਾਂ ਤੋਂ ਗੁਰਮਤਿ ਵਿਚਾਰਧਾਰਾ ਤੋਂ ਰੋਸ਼ਨੀ ਲੈ ਕੇ ਕਈ ਦੰਭੀਆਂ ਤੇ ਪਖੰਡੀਆਂ ਨੇ ਆਪਣੀਆਂ ਆਪਣੀਆਂ ਦੁਕਾਨਾਂ ਖੋਲ੍ਹ ਰਖੀਆਂ ਹਨ। ਲਗਪਗ ਇਹ ਸਾਰੇ ਗੁਰਬਾਣੀ ਦਾ ਚੋਗਾ ਪਾ ਕੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਆਪਣੇ ਜਾਲ ਵਿਚ ਫਸਾਉਂਦੇ ਹਨ। ਸਿਖ ਜਗਤ ਦੀ ਅਣਗਹਿਲੀ ਦੇ ਕਾਰਨ ਇਹਨਾਂ ਪਖੰਡੀਆਂ ਦੇ ਅਤੇ ਇਹਨਾਂ ਦੇ ਝੋਲੀ ਚੁਕ ਚੇਲਿਆਂ ਦੇ ਹੌਸਲੇ ਇਤਨੇ ਵਧ ਗਏ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਫ਼ੋਟੋ ਰਖ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਕਰਨ ਤੋਂ ਸੰਕੋਚ ਨਹੀਂ ਕੀਤਾ ਜਾਂਦਾ।

ਬੀਤੇ ਦਿਨੀਂ ਸ਼ਾਹਬਾਦ ਮਾਰਕੰਡਾ ਵਿਚ ਵੀ ਇਸ ਤਰ੍ਹਾਂ ਦੀ ਬੇਅਦਬੀ ਕਰਨ ਦੀ ਦਲੇਰੀ ਕੀਤੀ ਗਈ। ਸਤਿਗੁਰੂ ਜੀ ਦੇ ਬਖਸ਼ੇ ਬਲ ਨਾਲ ਰਾਗੀ ਸਿੰਘਾਂ ਅਤੇ ਗਿ: ਸਾਹਿਬ ਸਿੰਘ ਜੀ ਨੇ ਇਤਰਾਜ਼ ਕੀਤਾ। ਗੱਲ ਇਉਂ ਸੀ ਕਿ ਦਿਲੀ ਤੋਂ ਇਕ ਬਰਾਤ ਆਈ। ਬਰਾਤੀਆਂ ਰਾਤ ਨੂੰ ਸ਼ਰਾਬਾਂ ਪੀਤੀਆਂ, ਭੰਗੜੇ ਪਾਏ ਤੇ ਹੋਰ ਵੀ ਗੁਰਮਤਿ ਵਿਰੋਧੀ ਕਿਰਿਆਵਾਂ ਕੀਤੀਆਂ। ਸਵੇਰੇ ਆਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੀ ਗੱਦੀ ਲਾ ਕੇ ਸਿਰਹਾਣੇ ਦੇ ਢਾਸਣੇ ਨਾਲ ਬਾਬਾ ਵਿਰਸਾ ਸਿੰਘ ਨਾਂ ਦੇ ਵਿਅਕਤੀ ਦੀ ਫ਼ੋਟੋ ਰਖ ਦਿਤੀ ਗਈ। ਲੜਕੇ ਵਾਲਿਆਂ ਵਲੋਂ ਹਠ ਕੀਤਾ ਗਿਆ ਕਿ ਫੇਰੇ ਇਸ ਫ਼ੋਟੋ ਦੇ ਦੁਆਲੇ ਹੀ ਕੀਤੇ ਜਾਣਗੇ। ਗਿ: ਸਾਹਿਬ ਸਿੰਘ ਜੀ ਨੇ ਡੱਟ ਕੇ ਇਸ ਦੀ ਵਿਰੋਧਤਾ ਕੀਤੀ। ਉਹਨਾਂ ਆਨੰਦ ਕਾਰਜ ਦੀ ਮਰਿਆਦਾ ਨਿਭਾਉਣ ਅਤੇ ਅਨੰਦ ਕਾਰਜ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿਤਾ। ਇਕ ਘੰਟੇ ਦੀ ਜਦੋ ਜਹਿਦ ਤੋਂ ਬਾਅਦ ਫ਼ੋਟੋ ਚੁਕੀ ਗਈ ਤੇ ਆਨੰਦ ਕਾਰਜ ਸੰਪੂਰਨ ਹੋਇਆ।

ਉਪਰ ਦਸੀ ਘਟਨਾ ਵੰਨਗੀ ਮਾਤਰ ਹੈ। ਐਸੀਆਂ ਘਟਨਾਵਾਂ ਪ੍ਰਤੀ ਦਿਨ ਹੋ ਰਹੀਆਂ ਹਨ। ਸਾਡੇ ਆਗੂ, ਪ੍ਰਚਾਰਕ ਤੇ ਸਿਖ ਸ਼ਰਧਾਲੂ ਸਭ ਕੁਝ ਵੇਖ ਕੇ ਅਖਾਂ ਮੀਟੀ ਬੈਠੇ ਹਨ, ਜਿਸ ਦੇ ਕਾਰਨ ਦੰਭੀਆਂ ਪਖੰਡੀਆਂ ਦੀ ਹੌਸਲਾ-ਅਫ਼ਜ਼ਾਈ ਹੋ ਰਹੀ ਹੈ ਤੇ ਉਹ ਨਿਤ ਨਵੇਂ ਦਿਨ ਇਸ ਤਰ੍ਹਾਂ ਦੀਆਂ ਬੇਅਦਬੀ ਭਰੀਆਂ ਹਰਕਤਾਂ ਕਰਦੇ ਹਨ।

ਸਿਖ ਸਮਾਜ ਨੂੰ ਬਿਨੈ ਹੈ ਕਿ ਗੁਰਮਤਿ ਦੀ ਮਰਿਆਦਾ ਨੂੰ ਕਾਇਮ ਰਖਣ ਲਈ ਹਰ ਨਗਰ, ਤੇ ਹਰ ਸ਼ਹਿਰ ਵਿਚ ਜਥੇਬੰਦਕ ਯਤਨ ਕੀਤੇ ਜਾਣ। ਸਾਡਾ ਸਿਖ ਅਖਵਾਉਣਾ ਤਾਂ ਹੀ ਸਫਲ ਹੈ ਜੇ ਅਸੀਂ ਆਪਣੇ ਸਤਿਗੁਰੂ ਜੀ ਦਾ ਸਤਿਕਾਰ ਕਾਇਮ ਰਖ ਸਕੀਏ। ਆਪਣਾ ਜੀਵਨ ਸਵਾਰੀਏ, ਤਾਂ ਹੀ ਚੜ੍ਹਦੀ ਕਲਾ ਰਹਿ ਸਕਦੀ ਹੈ।

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩—੦੦ | ਗੁਰਮਤਿ ਬਿਬੇਕ | ੭—੫੦ |
| ਗੁਰਮਤਿ ਸਚ ਨਿਰਣੇ | ੬—੦੦ | ਗੁਰਮਤਿ ਰਮਜ਼ਾਂ | ੬—੦੦ |
| ਅੰਮ੍ਰਿਤ ਕੀ ਹੈ | ੨—੦੦ | ਅਨਹਦ ਸ਼ਬਦ ਦਸਮ ਦੁਆਰ | ੩—੫੦ |
| ਰੰਗਲੇ ਸਜਣ | ੩—੫੦ | ਗੁਰਮਤਿ ਗੌਰਵਤਾ | ੭—੦੦ |
| ਦਰਸ਼ਨ ਝਲਕਾਂ | ੨—੫੦ | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩—੦੦ |

ਹੋਰ ਪੁਸਤਕਾਂ ਭਾਈ ਸਾਹਿਬ ਲਿਖਤ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਪਤਾ—

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126–ਮਾਡਲ ਟਾਊਨ, ਲੁਧਿਆਣਾ**

**(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**




www.AKJ.Org

# ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ 'ਸੂਰਾ' ਮਾਸਕ ਪੱਤਰ ਦੇ ਹੇਠ ਲਿਖੇ ਨਵੇਂ ਅਮਾਨਤੀ ਲਾਈਫ਼ ਮੈਂਬਰ ਬਣੇ ਹਨ। ਪਹਿਲੇ ੧੨ ਦੇਸ-ਵਾਸੀਆਂ ਦੇ ਸੌ ਸੌ ਰੁਪਏ ਅਤੇ ਆਖ਼ਰੀ ਸਿੰਘਾਪੁਰ ਦੇ 250/- ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਾਜ਼ਾਰ, ਅੰਮ੍ਰਿਤਸਰ ਵਿਖੇ ਜਮ੍ਹਾ ਕਰਵਾ ਕੇ, ਹੇਠ ਲਿਖੇ ਨੰਬਰਾਂ ਦੀਆਂ ਐਫ਼. ਡੀਆਂ ਬਣਵਾ ਦਿਤੀਆਂ ਗਈਆਂ ਹਨ :-

| | | | |
|---|---|---|---|
| 81. ਗਿਆਨੀ ਕਰਮ ਸਿੰਘ ਜੀ ਭੰਡਾਰੀ | (ਚਿਟ ਨੰ: 1547) | 289918-501-76 | ਮਿਤੀ 22 3.76 |
| 82. ਸ੍ਰਦਾਰਨੀ ਆਗਿਆ ਕੌਰ, ਸ: ਹਰਵਿੰਦਰ ਸਿੰਘ ਜੀ | ( ,, 1027) | 289919-502-76 | ,, |
| 83. ਸ: ਰਣਜੀਤ ਸਿੰਘ ਸੁਰਿੰਦਪਾਲ ਸਿੰਘ ਗੰਭੀਰ | ( ,, 1339) | 289920-503-76 | ,, |
| 84. ਸ: ਕਮਲਪ੍ਰੀਤ ਸਿੰਘ ਜੀ | ( ,, 472) | 289921-504-76 | ,, |
| 85. ਸ: ਕਿਰਪਾਲ ਸਿੰਘ ਜੀ | ( ,, 11) | 289922-505-76 | ,, |
| 86. ਸ: ਉਤਮ ਸਿੰਘ ਜੀ | ( ,, 649) | 289923-506-76 | ,, |
| 87. ਸਰਦਾਰਨੀ Col. ਮੋਹਿੰਦਰ ਸਿੰਘ ਜੀ | ( ,, 274) | 289924-507-76 | ,, |
| 88. ਗਿ: ਦਾਤਾਰ ਸਿੰਘ ਹਰਜੀਤ ਸਿੰਘ ਜੀ | ( ,, 961) | 289925-508-76 | ,, |
| 89. ਸ: ਅਮਰੀਕ ਸਿੰਘ S/o Sub. ਪਰਤਾਪ ਸਿੰਘ ਜੀ | ( ,, 869) | 289926-509-76 | ,, |
| 90. ਸ: ਸੁਰਿੰਦਰ ਸਿੰਘ ਜੀ | ( ,, 10-A ) | 289927-510-76 | ,, |
| 91. ਸ: ਜਗਦੀਸ਼ ਸਿੰਘ ਜੀ | ( ,, 542) | 289941-524-76 | 23.3.76 |
| 92. ਜਨਤਾ ਕਲਾਥ ਸਟੋਰ | ( ,, 1042) | 289942-525-76 | ,, |
| 93. ਸ: ਰਾਜਿੰਦਰ ਸਿੰਘ ਜੀ ਵਿਦਿਆਰਥੀ, ਸਿੰਘਾਪੁਰ | ( ,, 2147) | 289943-526-76 | ,, |

**ਅਮਾਨਤੀ ਲਾਈਫ** ਮੈਂਬਰ ਦੇਸ ਲਈ 100/- **ਸਮੁੰਦਰੀ ਡਾਕ**—ਪਰਦੇਸ ਸਭ ਥਾਈਂ 250/-

**ਹਵਾਈ ਡਾਕ**—ਯੂ. ਕੇ. ਅਫਰੀਆ ਆਦਿ 650/- ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/-

ਇਹ ਰਕਮਾਂ ਗਾਹਕਾਂ ਦੀਆਂ ਅਮਾਨਤਾਂ ਹਨ। 'ਸੂਰਾ' ਪਤਰ ਨੇ ਤਾਂ ਕੇਵਲ ਚੰਦੇ ਵਜੋਂ ਸੂਦ ਲੈਣਾ ਹੈ।

---

# 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਮੇਜਰ ਗਿਆਨ ਸਿੰਘ ਜੀ ਅੰਮ੍ਰਿਤਸਰ ਵਲੋਂ ਟ੍ਰੈਕਟਾਂ ਦੀ ਛਪਾਈ ਵਿਚ ਹਿੱਸਾ | ੨੧—੦੦ |
| ਸ: ਦਵਿੰਦਰ ਸਿੰਘ ਜੀ ਰੰਧਾਵਾ, ਐਡਵੋਕੇਟ ਹੁਸ਼ਿਆਰਪੁਰ ਵਲੋਂ | ੧੧—੦੦ |
| ਬੀਬੀ ਗੁਰਦੇਵ ਕੌਰ ਜੀ ਸਰਹਿੰਦ ਵਲੋਂ ਲਫ਼ਟੀਨੈਂਟ ਕੰਵਲਜੀਤ ਸਿੰਘ ਜੀ ਸਿਧੂ ਦੇ ਅਕਾਲ ਚਲਾਣੇ ਨਮਿਤ | ੨੧—੦੦ |
| ਸਰਦਾਰ ਗੁਰਚਰਨ ਸਿੰਘ ਜੀ ਨਵੀਂ ਦਿਲੀ ਵਲੋਂ | ੫—੦੦ |
| ਸ: ਬਾਬੂ ਸਿੰਘ, ਸ: ਸੇਵਾ ਸਿੰਘ, ਸ: ਹਰਬੰਸ ਸਿੰਘ ਜੀ ਮੈਨਪੁਰੀ ਵਲੋਂ ਸ੍ਰੀ ਅਖੰਡਪਾਠਾਂ ਦੇ ਭੋਗ ਸਮੇਂ | ੯—੦੦ |
| ਸ: ਗੁਰਦਿਆਲ ਸਿੰਘ ਜੀ ਝਾਂਸੀ ਵਲੋਂ | ੧੧—੦੦ |
| ਇਕ ਗੁਪਤ ਪ੍ਰੇਮੀ ਜੀ ਵਲੋਂ | ੩੦—੦੦ |
| ਸ: ਇੰਦਰਜੀਤ ਸਿੰਘ ਜੀ ਮਾਨ, ਮਸਕਟ (ਅਰਬ ਦੇਸ਼) | ੨੫—੦੦ |

ਸਤਿਗੁਰੂ ਸਭ ਗੁਰੂ-ਪਿਆਰਿਆਂ ਨੂੰ ਨਾਮ ਦਾਨ, ਖ਼ੁਸ਼ੀਆਂ ਅਤੇ ਚੜ੍ਹਦੀਆਂ ਕਲਾ ਬਖਸ਼ਣ।

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ੧੫ਵੀਂ ਸਾਲਾਨਾ ਯਾਦ

ਜਿਨ੍ਹਾਂ ਨੇ ਵੀਹਵੀਂ ਸਦੀ ਵਿਚ
ਸ੍ਰੀ ਕਲਗੀਧਰ ਜੀ ਦੇ ਅਨਿੰਨ ਸਿਖ ਅਤੇ ਖ਼ਾਲਸਾ ਪੰਥ ਦੇ ਨਿਸ਼ਕਾਮ ਸੇਵਕ, ਜਿਨ੍ਹਾਂ ਨੇ ਵੀਹਵੀਂ ਸਦੀ ਵਿਚ ਗੁਰਮਤਿ ਲਿਖਤਾਂ ਤੇ ਗੁਰਬਾਣੀ ਕੁਰਬਾਨੀ ਅਤੇ ਪੰਥਕ ਸੇਵਾ ਦੇ ਮੈਦਾਨ ਵਿਚ ਬੇਨਜ਼ੀਰ ਮਿਸਾਲ ਕਾਇਮ ਕੀਤੀ ਅਤੇ ਗੁਰਮਤਿ ਲਿਖਤਾਂ ਤੇ ਗੁਰਬਾਣੀ ਦੇ ਕੀਰਤਨ ਦੁਆਰਾ ਬੇਅੰਤ ਪ੍ਰਾਣੀਆਂ ਨੂੰ ਗੁਰਮਤਿ ਦੇ ਰਾਹ ਤੇ ਪਾਇਆ, ਉਨ੍ਹਾਂ ਦੇ ਗੁਰਪੁਰੀ ਪਧਾਰਨ ਦੀ ਪੰਦਰ੍ਹਵੀਂ ਸਾਲਾਨਾ ਯਾਦ ਹਿਤ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਵਿਖੇ ੧੬ ਤੋਂ ੧੮ ਅਪ੍ਰੈਲ ਤਕ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ-ਸਮਾਗਮ ਰਚੇ ਜਾ ਰਹੇ ਹਨ। ਸੰਗਤਾਂ ਨੂੰ ਵਧ ਚੜ੍ਹ ਕੇ **ਹੇਠ ਲਿਖੇ ਪ੍ਰੋਗਰਾਮ ਵਿਚ** ਸ਼ਾਮਲ ਹੋਣ ਲਈ ਸੱਦਾ ਦਿਤਾ ਜਾਂਦਾ ਹੈ—

੧੬ ਅਪ੍ਰੈਲ ਸ਼ੁਕਰਵਾਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ ੭ ਤੋਂ ੯ ਅਖੰਡ ਕੀਰਤਨ
੧੭ ਅਪ੍ਰੈਲ ਸ਼ਨੀਵਾਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ
ਸ਼ਾਮ ੭ ਤੋਂ ੯ ਅਖੰਡ ਕੀਰਤਨ
੧੮ ਅਪ੍ਰੈਲ ਐਤਵਾਰ ਸਵੇਰੇ ੫ ਤੋਂ ੫॥ ਭੋਗ ਸ੍ਰੀ ਅਖੰਡਪਾਠ
੫॥ ਤੋਂ ੧੨॥ ਆਸਾ ਦੀ ਵਾਰ ਤੇ ਅਖੰਡ ਕੀਰਤਨ

ਪੁੱਛ ਗਿੱਛ—ਸ: ਬਲਬੀਰ ਸਿੰਘ ਜੀ, 126 ਮਾਡਲ ਟਾਊਨ, ਲੁਧਿਆਣਾ     ਪ੍ਰਾਰਥਕ—ਅਖੰਡ ਕੀਰਤਨੀ ਜੱਥਾ, ਲੁਧਿਆਣਾ

# ਸ੍ਰੀ ਅਨੰਦਪੁਰ ਵਿਖੇ ਵੈਸਾਖੀ ਸਮਾਗਮ

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਵੈਸਾਖੀ ਸਮੇਂ ੧੧, ੧੨, ੧੩ ਅਪ੍ਰੈਲ ੧੯੭੬ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਹੋ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਅਖੰਡ ਕੀਰਤਨੀ ਜੱਥਿਆਂ ਵਲੋਂ ਅਖੰਡ ਕੀਰਤਨ, ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਹੋ ਰਹੇ ਹਨ ਅਤੇ ਵਿਦਵਾਨਾਂ ਵਲੋਂ ਹੇਠ ਲਿਖੇ ਮਜ਼ਮੂਨਾਂ ਤੇ ਖੋਜ-ਪੱਤਰ ਸੰਗਤਾਂ ਦੀ ਭੇਟ ਹੋ ਰਹੇ ਹਨ :—

੧. ਗੁਰਮਤਿ ਰਹੱਸਵਾਦ, ੨. ਆਪੇ ਗੁਰ ਚੇਲਾ, ੩. ਗੁਰ ਦੀਖਿਆ ਅੰਮ੍ਰਿਤ, ੪. ਗੁਰਮਤਿ ਵਿਚ ਪੰਚ-ਪਰਧਾਨੀ ਸਿਧਾਂਤ, ੫. ਧਰਮਾਂ ਵਿਚ ਚਿੰਨ੍ਹਾਂ ਦਾ ਮਹੱਤਵ, ੬. ਸਿਖੀ ਦੇ ਪੰਜ ਕਕਾਰ, ੭ ਖਾਲਸੇ ਦੀ ਸਿਰਜਨਾ ਤੇ ਸਰੂਪ, ੮. ਸਿਖ ਧਰਮ ਵਿਚ ਚੜ੍ਹਦੀ ਕਲਾ ਦਾ ਸੰਕਲਪ, ੯. ਗੁਰਮਤਿ ਸਦਾਚਾਰ।

**ਤਿੰਨੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ੧੧ ਅਪ੍ਰੈਲ ਰਾਤ ਨੂੰ ੮ ਤੋਂ ੧੦ ਤਕ, ੧੨ ਅਪ੍ਰੈਲ ਰਾਤ ਨੂੰ ਰੈਣ-ਸਬਾਈ ਅਤੇ ੧੩ ਅਪ੍ਰੈਲ ਰਾਤ ਨੂੰ ੮ ਤੋਂ ੧੦ ਤਕ ਅਖੰਡ ਕੀਰਤਨ ਹੋਣਗੇ। ਅੰਮ੍ਰਿਤ-ਸਿੰਚਾਰ ਸਮਾਗਮ ਵੀ ਹੋਣਗੇ।**

ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਦਾ ਪਰਬੰਧ ਸਰਾਂ ਵਿਚ ਅਤੇ ਲੰਗਰ, ਗੁਰੂ ਕੇ ਲੰਗਰ ਵਿਖੇ ਹੀ ਹੋਵੇਗਾ। ਆਪਣੀ ਲੋੜ ਅਨੁਸਾਰ ਸਭ ਸਜਣ ਬਿਸਤਰੇ ਨਾਲ ਲਿਆਉਣ ਦੀ ਕਿਰਪਾ ਕਰਨ।

# ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ-ਪ੍ਰਸਤੀ ਹੈ ?

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਇਹ ਸਭ ਤੋਂ ਪਹਿਲੀ ਗੁਰਮਤਿ ਨੂੰ ਉਜਾਗਰ ਕਰਨ ਵਾਲੀ ਪੁਸਤਕ ਹੈ, ਜਿਸ ਵਿਚ ਸਿਧ ਕਰ ਦਿਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਕਾਲ ਪੁਰਖ ਦੇ ਗੁਣਾਂ ਦੇ ਪੁੰਜ ਹਨ ਅਤੇ ਇਨ੍ਹਾਂ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਹੈ। ਨਵੀਂ ਐਡੀਸ਼ਨ ਸੁੰਦਰ ਜਿਲਦ ਸਮੇਤ ਤਿਆਰ ਹੈ। ਭੇਟਾ ਲਾਗਤ ਮਾਤਰ ੩—੦੦

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126-ਮਾਡਲ ਟਾਊਨ, ਲੁਧਿਆਣਾ**

www.AKJ.Org